# ਆਤਮ ਰੰਗ

ਜਿਲਦ ੨੪ ਦਸੰਬਰ 2023 ਮੱਘਰ-ਪੋਹ 555 ਨਾਨਕਸ਼ਾਹੀ December 2023 ਅੰਕ 12

## ਮਰਣੁ ਮੁਣਸਾ ਸੂਰਿਆ ਹਕੁ ਹੈ ਜੇ ਹੋਇ ਮਰਨਿ ਪਰਵਾਣੋ ॥




ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦੀਆਂ ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਧਰਮ ਹਿਤ ਦਿੱਤੀ ਅਦੁੱਤੀ ਸ਼ਹਾਦਤ ਦੀ ਅਮਰ ਯਾਦਗਾਰ ਹੈ। ਇਹ ਲਾਸਾਨੀ ਸਾਕਾ 13 ਪੋਹ 1761 ਬਿਕ੍ਰਮੀ, ਦਸੰਬਰ 1704 ਈ. ਵਿੱਚ ਵਾਪਰਿਆ। ਇਹ ਸ਼ਹੀਦੀ ਸਮਾਗਮ ਸਾਰਾ ਸੰਸਾਰ ਮਿਤੀ 23 ਦਸੰਬਰ 2023 ਤੋਂ ਲੈ ਕੇ 28 ਦਸੰਬਰ 2023 ਤਕ ਸ਼ਹੀਦਾਂ ਦੀ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮਨਾ ਰਿਹਾ ਹੈ।



ਗੁਰਦੁਆਰਾ ਠੰਡਾ ਬੁਰਜ (ਮਾਤਾ ਗੁਜਰੀ ਜੀ) - ਇਸ ਬੁਰਜ ਵਿਚ ਮਾਤਾ ਗੁਜਰੀ ਜੀ ਅਤੇ ਛੋਟੇ ਦੋਨੋਂ ਸਾਹਿਬਜ਼ਾਦਿਆਂ ਨੂੰ ਕੈਦ ਰੱਖਿਆ ਗਿਆ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਦਿਆਂ ਹੀ ਮਾਤਾ ਗੁਜਰੀ ਜੀ ਗੁਰਪੁਰੀ ਸਿਧਾਰ ਗਏ।



ਗੁਰਦੁਆਰਾ ਜੋਤੀ ਸਰੂਪ - ਇਸ ਅਸਥਾਨ ਤੇ ਮਾਤਾ ਗੁਜਰੀ ਜੀ ਅਤੇ ਦੋਨੋਂ ਸਾਹਿਬਜ਼ਾਦਿਆਂ ਦਾ ਸੰਸਕਾਰ ਕੀਤਾ ਗਿਆ।

## ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥



















ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਮਿਤੀ 18.10.2023 ਤੋਂ ਲੈ ਕੇ 24.10.2023 ਤਕ ਅਖੰਡ ਕੀਰਤਨੀ ਜੱਥਾ ਦਿੱਲੀ (ਰਜਿ.) ਵੱਲੋਂ ਦਿੱਲੀ ਦੇ ਵੱਖ-ਵੱਖ ਇਤਿਹਾਸਿਕ ਗੁਰਦੁਆਰਿਆਂ ਵਿੱਚ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

੧ਓ ਠਾਕੁਰ ਗਾਈਐ ਆਤਮ ਰੰਗਿ ੧ਓ

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੪ ਦਸੰਬਰ 2023 ਮੱਘਰ-ਪੋਹ 555 ਨਾਨਕਸ਼ਾਹੀ December 2023 ਅੰਕ 12

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

**ਦਫ਼ਤਰ**
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245, 75289-00045*
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
*ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ*
*ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ*
*ਭਾਈ ਗੁਰਬੱਚਨ ਸਿੰਘ, ਦਿਆਲਪੁਰ*
*ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ*
*ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ*

**ਕਾਨੂੰਨੀ ਸਲਾਹਕਾਰ**
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*
*ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ*

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."

**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਗੁਰਪੁਰਵਾਸੀ ਪ੍ਰਿੰਸੀਪਲ ਗੰਗਾ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਸਾਹਿਬਜਾਦਿਆਂ ਦੀ ਸ਼ਹੀਦੀ 9
  *– ਭਾਈ ਨਰੈਣ ਸਿੰਘ ਜੀ*
- ਭਗਉਤੀ ਪਦ ਦਾ ਤੱਤ ਗੁਰਮਤਿ ਨਿਰਣਾ 13
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਚਾਰ ਸਾਹਿਬਜ਼ਾਦੇ 16
  *– ਪ੍ਰੋਫੈਸਰ ਪਿਆਰਾ ਸਿੰਘ ਜੀ 'ਪਦਮ'*
- ਅੱਲ੍ਹਾ ਯਾਰ ਖਾਂ ਜੋਗੀ ਦੀਆਂ ਨਜ਼ਰਾਂ ਵਿਚ ਸਾਹਿਬਜ਼ਾਦੇ 17
  *– ਪ੍ਰੋਫੈਸਰ ਪਿਆਰਾ ਸਿੰਘ ਜੀ 'ਪਦਮ'*
- ਕਹਿਰੀ ਰਾਤ ਖੂਨੀ ਦਿਨ 20
  *– ਭਾਈ ਵਿਧਾਤਾ ਸਿੰਘ ਜੀ ਤੀਰ*
- ਅਮਰ ਸ਼ਹੀਦ ਦਸਮੇਸ਼ ਦੁਲਾਰੇ 21
  *– ਗਿ. ਗੋਪਾਲ ਸਿੰਘ ਜੀ 'ਮਿੱਤਰ'*
- ਪੋਹ ਮਹੀਨੇ ਦੀ ਅਰਥ–ਵਿਆਖਿਆ 22
- ਸ਼ਹੀਦ ਸਾਹਿਬਜ਼ਾਦੇ 24
  *– ਭਾਈ ਪਿਆਰਾ ਸਿੰਘ ਜੀ ਦਾਤਾ*
- ਚਮਕੌਰ ਦੀ ਗੜ੍ਹੀ – ਸਰਹੰਦ ਦੀ ਦੀਵਾਰ 28
  *– ਭਾਈ ਉਜਗਾਰ ਸਿੰਘ ਉਲਫ਼ਤ*
- ਪੰਜਾਂ ਪਿਆਰਿਆਂ ਰਾਹੀਂ ਦਿਤਾ ਨਾਮ ਹੀ ਫਲੀਭੂਤ ਹੁੰਦਾ ਹੈ 29
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਛੋਟੇ ਸਾਹਿਬਜ਼ਾਦੇ 30
- ਇਤਿਹਾਸ 31
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.*
- ਤਤਸਾਰ ਬਿਬੇਕ – ਸਿਫ਼ਤਿ–ਸਾਲਾਹ 33
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਸਾਕਾ ਚਮਕੌਰ 35
  *– ਡਾ. ਸੁਖਪ੍ਰੀਤ ਸਿੰਘ ਜੀ, ਉਦੋਕੇ*

## *ਸੰਪਾਦਕੀ...*

ਦਸੰਬਰ ਦਾ ਮਹੀਨਾ ਸਿੱਖ ਜਗਤ ਵਿਚ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਚਾਰੋਂ ਪੋਤਿਆਂ – ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੀਆਂ ਸ਼ਹੀਦੀਆਂ ਨੂੰ ਸਮਰਪਿਤ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸੰਨ 1675 ਈ. ਵਿਚ ਹੋਈ, ਪਰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦਸੰਬਰ ਸੰਨ 1704 ਈ. ਵਿਚ ਹੋਈਆਂ। ਭਾਰਤ ਦੇ ਇਤਿਹਾਸ ਵਿਚ ਗੁਰੂ ਪਰਿਵਾਰ ਵਿਚ ਸ਼ਹੀਦੀਆਂ ਇਕ ਅਦੁੱਤੀ ਘਟਨਾਵਾਂ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (ਸੰਨ 1606 ਈ.), ਉਨ੍ਹਾਂ ਦੇ ਪੋਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ (ਸੰਨ 1675 ਈ.) ਅਤੇ ਚਾਰੋਂ ਪੋਤਿਆਂ (ਚਾਰੇ ਸਾਹਿਬਜ਼ਾਦਿਆਂ) ਦੀਆਂ ਸ਼ਹੀਦੀਆਂ ਮੁਗ਼ਲ ਸਾਮਰਾਜ ਦੀਆਂ ਧਾਰਮਿਕ ਕੱਟੜਵਾਦੀ ਨੀਤੀਆਂ ਕਾਰਣ ਹੋਈਆਂ। ਇਸਲਾਮਿਕ ਵਿਚਾਰਧਾਰਾ ਅਨੁਸਾਰ ਇਹਨਾਂ ਸ਼ਹੀਦੀਆਂ ਨੂੰ ਕਾਫ਼ਰਾਂ ਵਿਰੁੱਧ ਵਿੱਢੀ ਜੰਗ ਦਾ ਨਾਮ ਦਿੱਤਾ ਗਿਆ, ਅਤੇ ਇਹ ਸਭ ਅੱਲਾ ਤਾਅਲਾ ਨੂੰ ਖ਼ੁਸ਼ ਕਰਨ ਦਾ ਸਫਲ ਯਤਨ ਸਮਝਿਆ ਜਾਂਦਾ ਸੀ। ਅੱਜ ਭੀ ਇਸਲਾਮਿਕ ਮੁਲਕਾਂ ਵਿਚ ਕਾਫਰਾਂ ਪ੍ਰਤੀ ਇਹੋ ਨੀਤੀ ਹੈ, ਜਿਸ ਪ੍ਰਤੀ ਸਮੁੱਚੇ ਵਿਸ਼ਵ ਵਿਚ ਇਸਲਾਮਿਕ ਮੂਲਵਾਦ ਅਤੇ ਦਹਿਸ਼ਤਵਾਦ ਪ੍ਰਤੀ ਚਿੰਤਾ ਪ੍ਰਗਟਾਈ ਜਾ ਰਹੀ ਹੈ।

ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਸ਼ਹੀਦੀਆਂ ਨੇ ਗੁਰੂ ਕੇ ਸਿੱਖਾਂ ਅੰਦਰ ਭੀ ਸ਼ਹੀਦੀਆਂ ਪਾਉਣ ਲਈ ਜੋਸ਼ ਭਰਿਆ। ਰੱਤ-ਪੀਣੇ ਮੁਗ਼ਲ ਸਾਮਰਾਜ ਦੇ ਜਬਰ ਤੇ ਜ਼ੁਲਮ ਅੱਗੇ ਡਟ ਜਾਣਾ ਗੁਰੂ ਨਾਨਕ ਸਾਹਿਬ ਦੇ ਵਾਰਸਾਂ ਦੇ ਹਿੱਸੇ ਆਇਆ ਲਗਦਾ ਹੈ, ਇਸ ਲਈ ਗੁਰੂ ਸਾਹਿਬਾਨ ਦੀ ਸੰਸਾਰ ਯਾਤਰਾ ਪੂਰੀ ਕਰਨ ਉਪਰੰਤ ਤਾਂ ਇਕ ਪ੍ਰਕਾਰ ਦਾ ਸ਼ਹੀਦੀ-ਯੁਗ ਹੀ ਆਰੰਭ ਹੋਇਆ ਲਗਦਾ ਹੈ। ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਕਰੀਬ ਸੱਤ ਸੌ ਚਾਲੀ (740) ਸਾਥੀਆਂ ਸਮੇਤ ਸ਼ਹੀਦੀਆਂ ਤੋਂ ਮਗਰੋਂ, ਮਿਸਲਾਂ ਦੇ ਦੌਰ ਸਮੇਂ ਛੋਟੇ ਅਤੇ ਵੱਡੇ ਘੱਲੂਘਾਰੇ ਸਮੇਂ ਬੇਅੰਤ ਸਿੱਘਾਂ ਦੀਆਂ ਸ਼ਹੀਦੀਆਂ ਹੋਈਆਂ। ਵੀਹਵੀਂ ਸ਼ਤਾਬਦੀ ਵਿਚ ਭੀ ਨਨਕਾਣਾ ਸਾਹਿਬ ਦਾ ਸਾਕਾ, ਗੁਰਦੁਆਰਾ ਸੁਧਾਰ ਲਹਿਰ (1921-26 ਈ.) ਸਮੇਂ ਜਾਂ 1982-88 ਤਕ ਸ੍ਰੀ ਦਰਬਾਰ ਸਾਹਿਬ ਉੱਤੇ ਹੋਈ ਫ਼ੌਜੀ ਕਕਾਰਵਾਈ ਤੋਂ ਇਉਂ ਜਾਪਦਾ ਹੈ ਕਿ ਜਿਵੇਂ ਅਕਾਲ ਪੁਰਖ ਨੇ ਸਿਖ ਕੌਮ ਨੂੰ ਧਰਮ ਚਲਾਵਣ ਲਈ ਸ਼ਹੀਦੀਆਂ ਪਾਉਣ ਲਈ ਵਿਸ਼ੇਸ਼ ਅਧਿਕਾਰ ਦਿੱਤੇ ਹੋਏ ਹਨ। ਦੇਸ਼ ਦੀ ਆਜ਼ਾਦੀ ਦੀ ਲਹਿਰ ਸਮੇਂ ਭੀ ਸਿੱਖਾਂ ਨੇ ਭਾਰਤ ਦੀਆਂ ਦੂਜੀਆਂ ਕੌਮਾਂ ਦੇ ਟਾਕਰੇ ’ਤੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਜੇਲ੍ਹਾਂ ਵਿਚ ਸਖ਼ਤ ਸਜ਼ਾਵਾਂ ਭੋਗੀਆਂ, ਕਾਲੇ-ਪਾਣੀ ਭੇਜੇ ਗਏ, ਫਾਂਸੀ ਦੇ ਫੰਦੇ ਨੂੰ ਹੱਸ ਹੱਸ ਕੇ ਚੁੰਮਿਆ, ਕਾਮਾਗਾਟਾਮਾਰੂ ਕਾਂਡ ਸਮੇਂ ਗੋਲੀਆਂ ਦਾ ਨਿਸ਼ਾਨਾ ਬਣੇ।

‘ਸਰਬੱਤ ਦਾ ਭਲਾ’ ਸਿਖ ਕੌਮ ਦਾ ਕੌਮੀ ਆਦਰਸ਼ ਰਿਹਾ ਹੈ ਜੋ ਇਸ ਕੌਮ ਨੂੰ ‘ਧੁਰ ਕੀ ਬਾਣੀ’ ਵਿਚੋਂ ਪ੍ਰਾਪਤ ਹੋਇਆ ਹੈ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥22॥***

ਆਪਣੀ ਮੌਤੇ ਤਾਂ ਸਾਰੀ ਦੁਨੀਆ ਮਰਦੀ ਹੈ, ਪਰ ਕਿਸੇ ਉੱਚੇ ਆਦਰਸ਼ ਲਈ ਸ਼ਹੀਦੀ ਪਾਉਣੀ ਕਿਸੇ-ਕਿਸੇ ਦੇ ਹਿੱਸੇ ਆਉਂਦੀ ਹੈ। ਇਸ ਸਿਲਸਿਲੇ ਵਿਚ ਕੌਮ ਦੇ ਸ਼ਹੀਦੀ ਇਤਿਹਾਸ ਨੇ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਜੇ ਗੁਰੂ ਗੋਬਿੰਦ ਸਿੰਘ ਜੀ ਆਪਣੇ ਬੱਚਿਆਂ ਦੀਆਂ ਸ਼ਹੀਦੀਆਂ ਨਾ ਹੋਣ ਦਿੰਦੇ ਤਾਂ ਉਨ੍ਹਾਂ ਤੋਂ ਮਗਰੋਂ ਸਿੱਖਾਂ ਦੀਆਂ ਸ਼ਹੀਦੀਆਂ ਨਹੀਂ ਸਨ ਹੋਣੀਆਂ। ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਨੇ ਸਿੱਖ ਕੌਮ ਵਿਚ ਉਹ ਬਲ ਭਰਿਆ ਜਿਸ ਸਦਕਾ ਉਹਨਾਂ ਪੂਰੀ ਇਕ ਸਦੀ (ਸੌ ਸਾਲ) ਤੇਗ਼ ਦੇ ਮੁੱਠੇ ਵਿਚੋਂ ਹੱਥ ਨਹੀਂ ਕੱਢਿਆ। ਆਖ਼ਰ ‘ਖ਼ਾਲਸਾ ਰਾਜ’ ਸਰਬੱਤ ਦੇ ਭਲੇ ਲਈ ਕਾਇਮ ਹੋਇਆ। ਸ਼ਹੀਦਾਂ ਦੀਆਂ ਕੁਰਬਾਨੀਆਂ ਕਦੀ ਅਜਾਈਂ ਨਹੀਂ ਜਾਂਦੀਆਂ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥ ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥ ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥ ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥ ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥ ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਬੇਪਰਵਾਹੁ॥੧੧॥ ਅੰਗ – 135***

**ਅਰਥ**

ਪੋਹ ਦੇ ਮਹੀਨੇ ਉਨ੍ਹਾਂ ਨੂੰ ਪਾਲਾ ਨਹੀਂ ਪੋਹ ਸਕਦਾ ਜਿਨ੍ਹਾਂ ਦੇ ਗਲੇ ਨਾਲ ਹਰੀ ਕੰਤ ਲੱਗਾ ਹੋਇਆ ਹੈ।

ਉਨ੍ਹਾਂ ਦਾ ਮਨ ਚਰਨ ਕੰਵਲਾਂ ਦੇ ਨਾਲ ਵਿੰਨ੍ਹਿਆ ਗਿਆ ਹੈ, ਉਨ੍ਹਾਂ 'ਤੇ ਸ਼ਾਹ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਹੈ।

ਗੋਬਿੰਦ ਰਾਇ ਤੇ ਗੋਪਾਲ ਦੀ ਓਟ ਉਨ੍ਹਾਂ ਨੇ ਲਈ ਹੈ ਤੇ ਸਵਾਮੀ ਦੀ ਸੇਵਾ ਨੂੰ ਹੀ ਲਾਹਾ ਸਮਝਿਆ ਹੈ।

ਬਿਖਿਆ ਉਨ੍ਹਾਂ ਨੂੰ ਪੋਹ ਨਹੀਂ ਸਕਦੀ ਕਿਉਂਕਿ ਉਹ ਸਾਧੂ ਨਾਲ ਮਿਲ ਕੇ ਗੁਣ ਗਾ ਰਹੇ ਹਨ।

ਸੱਚੀ ਪ੍ਰੀਤ ਦਾ ਸਦਕਾ ਉਹ ਰਚਨਹਾਰ ਵਿਚ ਜਾ ਮਿਲੇ ਹਨ।

ਪਾਰਬ੍ਰਹਮ ਨੇ ਹੱਥ ਫੜ ਕੇ ਅਪਣਾ ਲਏ ਹਨ, ਫਿਰ ਨਹੀਂ ਵਿਛੜਨਗੇ।

ਐਸੇ ਅਗਮ ਅਗਾਹ ਸੱਜਣ ਤੋਂ ਲੱਖ ਵਾਰੀ ਵਾਰਨੇ ਜਾਵਾਂ।

(ਸ੍ਰੀ ਗੁਰੂ) ਨਾਨਕ ਦੇਵ ਜੀ (ਕਹਿੰਦੇ ਹਨ) ਦਰ 'ਤੇ ਪਿਆਂ ਦੀ ਸ਼ਰਨ ਨਾਰਾਇਣ ਨੂੰ ਪਈ ਹੈ।

ਪੋਹ ਉਸ ਲਈ ਸ਼ੋਭਨੀਕ ਹੈ ਤੇ ਸਾਰੇ ਸੁਖ (ਉਸ ਨੂੰ ਪ੍ਰਾਪਤ) ਹਨ, ਜਿਸ ਨੂੰ ਬੇਰਪਵਾਹ ਆਪ ਬਖ਼ਸ਼ੇ।

---

# ਗੁਰਸਿੱਖਾਂ ਲਈ ਗੁਰਬਾਣੀ ਦੇ ਆਧਾਰ 'ਤੇ ਜ਼ਰੂਰੀ ਨਿਯਮ

1. ਪਰਮੇਸ਼ਰ ਦੀ ਹੋਂਦ 'ਤੇ ਪੂਰਨ ਵਿਸ਼ਵਾਸ ਕਰਨਾ।
2. ਸਤਿਗੁਰਾਂ ਦੀ ਬਾਣੀ ਦੇ ਉਪਦੇਸ਼ਾਂ ਨੂੰ ਪੂਰੀ ਤਰ੍ਹਾਂ ਮੰਨਣਾ। ਇਹ ਧੁਰ ਕੀ ਬਾਣੀ ਹੈ ਅਤੇ ਸਾਡੇ ਕਲਿਆਣ ਲਈ ਆਪ ਕਰਤਾ ਅਕਾਲ ਪੁਰਖ ਨੇ ਸਤਿਗੁਰੂ ਜੀ ਰਾਹੀਂ ਸਾਨੂੰ ਬਖ਼ਸ਼ੀ ਹੈ।
3. ਹਰ ਗੁਰਸਿੱਖ ਵੀਰ, ਭੈਣ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਪੰਜ ਪਿਆਰਿਆਂ ਵੱਲੋਂ ਦੱਸੀ ਰਹਿਤ-ਮਰਯਾਦਾ ਵਿਚ ਪਰਪੱਕ ਰਹਿਣਾ।
4. ਪੰਜ ਪਿਆਰਿਆਂ ਵੱਲੋਂ ਪ੍ਰਾਪਤ ਗੁਰ-ਸ਼ਬਦ ਦਾ ਅਭਿਆਸ ਸੁਆਸ ਸੁਆਸ ਕਰਨਾ।
5. ਗੁਰਸਿੱਖਾਂ ਨੂੰ ਸਤਿਗੁਰਾਂ ਵੱਲੋਂ ਅੰਮ੍ਰਿਤ ਵੇਲੇ ਜਾਗਣ ਤੇ ਇਸ਼ਨਾਨ ਕਰਨ ਦਾ ਹੁਕਮ ਹੈ, ਸੋ ਸਤਿਗੁਰੂ ਦੇ ਦੱਸੇ ਮਾਰਗ 'ਤੇ ਟੁਰਨਾ।



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

*ਐਥੇ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ॥੧॥(੩) ਅੰਗ - ੫੨੬*

ਹਰਿ ਦਰਗਹ ਅੰਦਰ ਢੋਈ ਤਿਨ੍ਹਾਂ ਨੂੰ ਹੀ ਮਿਲਦੀ ਹੈ, ਜੋ ਦਿਨ ਰਾਤ ਵਾਹਿਗੁਰੂ ਦਾ ਜਪ-ਸਿਮਰਨ ਕਰਦੇ ਹਨ। ਯਥਾ ਗੁਰਵਾਕ -

*ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ ਹਰਿ ਦਰਗਹ ਢੋਈਐ॥੪॥ ਅੰਗ - ੫੮੭*

ਗੁਰੂ ਦੇ ਸਿਖਾਂ ਦੇ ਹੀ ਹਰੀ ਦਰਗਾਹੇ ਮੁੱਖ ਉਜਲੇ ਹਨ, ਯਥਾ ਗੁਰਵਾਕ -

*ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ॥੧੧॥ ਅੰਗ - ੫੯੦*

ਅਣਡਿੱਠੀ ਦੁਨੀਆ ਹਰੀ ਦਰਗਾਹ ਦਾ ਹੋਣਾ, ਸਤਿ ਕਰ ਮੰਨਣਾ ਐਨ ਗੁਰਮਤਿ ਅਨੁਕੂਲ ਹੈ। ਗੁਰਮਤਿ ਅਨੁਸਾਰ ਨਿਰੰਕਾਰ ਦਾ ਦੇਸ ਭੀ ਹੈ ਤੇ ਨਿਰੰਕਾਰੀ ਦਰਗਾਹ ਭੀ। ਯਥਾ ਗੁਰਵਾਕ -

*ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥੩॥੪॥੨॥ ਅੰਗ - ੫੯੫*

ਸੁਖ ਮਹਲੀ ਮਹਲ, ਨਿਰੰਕਾਰੀ ਦੇਸ਼ ਇਹ ਅਗਲੇ ਲੋਕ ਵਿਖੇ ਹੀ ਹਨ, ਜਿਥੇ ਜਾਇਕੈ ਵਸਣਾ ਰਸਣਾ ਹੈ। ਸਤਿ ਕਰ ਮੰਨਣਾ ਗੁਰੂ ਕੇ ਸਿਖੋਂ ਭਾਈਓ ਇਹ ਨਿਰੰਕਾਰੀ ਦੇਸ ਦਰ ਘਰ ਮਹਲ ਗੁਰਸਿਖਾਂ, ਅਨਿੰਨ ਅਭਿਆਸ ਕਮਾਈ ਵਾਲੇ ਗੁਰਸਿਖਾਂ ਨੂੰ ਹੀ ਪ੍ਰਾਪਤ ਹੈ, ਜਿਨ੍ਹਾਂ ਨੇ ਗੁਰੂ ਘਰ ਦੀ ਸਾਧ ਸੰਗਤਿ ਮਹਿ ਰਹ ਬਹਿ ਕੇ ਸਹਿਜ ਪਦ ਦਾ ਰਸ ਚਾਖਿਆ ਹੈ। ਜਿਨ੍ਹਾਂ ਨੇ ਇਹ ਰਸ ਨਹੀਂ ਚਖਿਆ, ਜਿਨ੍ਹਾਂ ਮਨਮੁਖਾਂ ਦੀ ਰਸਨਾ ਨੇ ਰਾਈ ਮਾਤਰ ਭੀ ਹਰਿ ਰਸ ਨਹੀਂ ਚਖਿਆ ਅਤੇ ਤਨ, ਮਨ, ਧਨ ਆਪਣਾ ਹੀ ਕਰ ਕੇ ਮੰਨਿਆ ਹੈ, ਗੁਰੂ ਕਾ ਨਹੀਂ ਜਾਣਿਆ, ਅਰਥਾਤ ਜਿਨ੍ਹਾਂ ਨੇ ਤਨ, ਮਨ, ਧਨ ਗੁਰੂ ਵਿਟਹੁ ਕੁਰਬਾਨ ਨਹੀਂ ਕੀਤਾ, ਤਿਨ੍ਹਾਂ ਨੇ ਹਰਿ ਦਰਗਾਹੀ ਦਰ ਦੀ ਖ਼ਬਰ ਨਹੀਂ ਪਾਈ। ਮਨਮੁਖ ਮਤਸਰੀ ਪੁਰਸ਼ ਨੂੰ ਮਰਨ ਸਮੇਂ ਅੰਧੇਰ ਗੁਬਾਰ ਹੀ ਗੁਬਾਰ ਹੈ। ਉਸ ਨੂੰ ਅਗਲੀ ਦਰਗਾਹ ਵਾਲਾ ਨਾ ਘਰ ਦਿਸਦਾ ਹੈ ਨਾ ਦਰ ਦਿਸਦਾ ਹੈ। ਉਹ ਆਪਣਾ ਕੀਤਾ ਪਾਉਂਦਾ ਹੈ ਅਤੇ ਜਮਦਰ ਬੱਧਾ ਹੋਇਆ ਚੋਟਾਂ ਖਾਂਦਾ ਹੈ। ਸੋਈ ਸਚੀ ਦਰਗਾਹ ਦੇ ਅਗਲੇ ਨਜ਼ਾਰੇ ਨੂੰ ਪਰਤੱਖ ਅੱਖੀਂ ਦੇਖਦੇ ਹਨ, ਜਿਨ੍ਹਾਂ ਉਤੇ ਨਦਰੀ ਵਾਹਿਗੁਰੂ ਦੀ ਨਦਰ ਮੇਹਰ ਹੁੰਦੀ ਹੈ। ਤਿਨ੍ਹਾਂ ਦੀ ਰਹਿਣ ਗਤਿ ਕਹੀ ਨਹੀਂ ਜਾਂਦੀ। ਯਥਾ ਗੁਰਵਾਕ -

*ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ॥*
*ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ॥*
*ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ॥*
*ਜਮਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ॥੩॥*
*ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ॥॥੪॥੩॥ ਅੰਗ - ੫੯੬*

ਗੁਰਮੁਖ ਹੀ ਇਹ ਪਦ ਪਾਉਂਦੇ ਹਨ। ਮਨਮੁਖ ਆਪਣਾ ਕੀਆਂ ਕਮਾਉਂਦੇ ਹਨ। ਗੁਰ ਸ਼ਬਦ ਗੁਰਮੰਤਰ ਦੀ ਕਮਾਈ ਨਾਲ ਹੀ ਵਾਹਿਗੁਰੂ ਪਾਇਆ ਜਾਂ ਅਕਾਲ ਪੁਰਖ ਦੀ ਦਰਗਾਹ ਜਾ ਸਕੀਦਾ ਹੈ। ਇਸ ਗੁਰ-ਸ਼ਬਦ ਬਿਹੂਣਾ ਸਭ ਜਗ ਭਰਮਿਆ ਹੀ ਫਿਰਦਾ ਹੈ। ਭਰਮਦੇ ਫਿਰਦਿਆਂ ਭੁਲਿਆਂ ਭਟਕਿਆਂ ਨੂੰ ਅਗਲੀ ਦਰਗਾਹੇ ਜ਼ਰੂਰ ਸਜ਼ਾ

ਮਿਲੇਗੀ। ਯਥਾ ਗੁਰਵਾਕ -

*ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ॥*
*ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ॥ਰਹਾਉ॥ ਅੰਗ - ੬੦੦*

ਤ੍ਰੈ ਗੁਣ ਧਾਤ ਬਹੁ ਕਰਮ ਕਮਾਵਣਹਾਰਿਆਂ, ਸੰਧਿਆ ਤਰਪਣ ਗਾਇਤ੍ਰੀ ਆਦਿਕ ਆਨਮਤ ਪਾਖੰਡ ਕਰਮੀਆਂ ਨੂੰ ਅਗਲੇ ਦਰ ਘਰ ਦੀ ਸੂਝ ਬੂਝ ਨਹੀਂ ਹੋ ਸਕਦੀ। ਤਿਨ੍ਹਾਂ ਨੂੰ ਅਗਲੀ ਦਰਗਾਹੋਂ ਦੂਖ ਸਜ਼ਾਈਂ ਤਸੀਹੇ ਸਹਿਣੇ ਹੀ ਪੈਂਦੇ ਹਨ। ਤਿਨ੍ਹਾਂ ਨਾ ਤਾਂ ਹੀ ਹਰਿ ਰਸ ਦਾ ਸੁਆਦ ਹੀ ਆਇਆ, ਨਾ ਹੀ ਤਿਨ੍ਹਾਂ ਨੇ ਗੁਰ ਕਾ ਸ਼ਬਦ ਕਮਾਇਆ ਹੈ। ਬਿਨ ਸ਼ਬਦੇ ਤਿਨ੍ਹਾਂ ਦੁਖ ਹੀ ਪਾਇਆ ਹੈ। ਸਤਿਗੁਰੂ ਬਿਨਾਂ ਸਾਰਾ ਜਗ ਅੰਧੇਰੇ ਵਿਚ ਹੀ ਅੰਧ ਕਮਾਉਂਦਾ ਫਿਰਦਾ ਹੈ। ਅੰਧੇਰੇ ਵਿਚ ਤਿਨ੍ਹਾਂ ਨੂੰ ਰਾਹ ਹੀ ਨਹੀਂ ਦਿਸਦਾ, ਸਚਾ ਮਾਰਗ ਤਾਂ ਕੀ ਦਿਸਣਾ ਸੀ? ਸਚਾ ਗੁਰੂ ਘਰ ਦੁਆਰਾ ਜੋ ਉਹਨਾਂ ਨੂੰ ਕਰਮ ਕਰਿ ਪ੍ਰਾਪਤ ਹੋ ਜਾਵੇ ਤਾਂ ਉਹਨਾਂ ਦੀਆਂ ਅੱਖਾਂ ਖੁੱਲ੍ਹਣ ਅਤੇ ਘਰ ਅੰਦਰਿ ਸਚ ਵਥ ਪਾਉਣ ਦੀ ਸੋਝੀ ਪਵੇ। ਯਥਾ ਗੁਰਵਾਕ -

*ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ॥*
*ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ॥੨॥*
*... ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ॥*
*ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ॥੪॥੧੦॥ ਅੰਗ - ੬੦੩*

ਦਾਤੇ ਨੇ ਦਾਤਿ ਆਪਣੇ ਹਥ ਰਖੀ ਹੈ। ਜਿਸ ਨੂੰ ਉਹ ਚਾਹੇ ਤਿਸ ਨੂੰ ਦੇਵੇ। ਨਾਮ-ਰਤਿਆਂ ਨੇ ਹੀ ਸਚਾ ਸੁਖ ਪਾਇਆ ਹੈ। ਨਾਮ-ਰਤਿਆਂ ਤੇ ਹੀ ਦਾਤਾ ਤੁਠਦਾ ਹੈ। ਤਿਨ੍ਹਾਂ ਨੂੰ ਹੀ ਨਿਜ ਦਰਗਾਹੀ ਦਾਤਾਂ ਦਿੰਦਾ ਹੈ। ਨਾਮ-ਰਤੇ ਹੀ ਸਚੜੀ ਦਰਗਾਹੇ ਜਾਪਦੇ ਸੰਞਾਪਦੇ ਹਨ -

*ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ॥*
*ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ॥੪॥੧੧॥ ਅੰਗ - ੬੦੪*

ਮਨਮੁਖ ਸਾਕਤ ਬਪੜੇ ਨਾਮ ਦੀ ਦਾਤਿ ਖੁਣੋਂ ਭੁਖੇ ਹੀ ਮਰਦੇ ਹਨ ਅਤੇ ਦੁਖ ਭੁਖ ਦੇ ਮਾਰੇ ਦਹਿਦਿਸ ਪਏ ਡੋਲਦੇ ਫਿਰਦੇ ਹਨ। ਨਾਮੋਂ ਸਖਣੇ ਹੋਣ ਕਰਿ ਇਹ ਦੁਖ ਉਨ੍ਹਾਂ ਨੂੰ ਭੁਗਤਣੇ ਪੈਂਦੇ ਹਨ। ਉਹ ਮੁੜਿ ਮੁੜਿ ਜੰਮਦੇ ਮਰਦੇ, ਜੋਨੀਆਂ ਵਿਚ ਆਉਂਦੇ ਜਾਂਦੇ ਹਨ। ਤਿਨ੍ਹਾਂ ਨੂੰ ਦਰਗਾਹ ਅੰਦਰਿ ਸਜ਼ਾਵਾਂ ਮਿਲਦੀਆਂ ਹਨ। ਸਤਿਗੁਰੂ ਤੋਂ ਘੋਲ ਘੁਮਾਈ ਗੁਰਸਿਖਾਂ, ਗੁਰੂ ਜਪਣਹਾਰਿਆਂ ਨੂੰ ਆਗੈ ਪਾਛੈ, ਇਸ ਲੋਕ ਅਤੇ ਅਗਲੇ ਲੋਕ ਵਿਖੇ, ਸੁਖ ਸਹਜ ਆਨੰਦ ਹੀ ਆਨੰਦ ਹੈ। ਯਥਾ ਗੁਰਵਾਕ -

*ਅਪੁਨੇ ਸਤਿਗੁਰ ਕੈ ਬਲਿਹਾਰੈ॥*
*ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ॥ਰਹਾਉ॥(੪॥੫) ਅੰਗ - ੬੦੯*

ਹਰਿ ਜਨ ਕੀ ਸੇਵਾ ਤੇ ਸਤਿਸੰਗ ਕਰਨਹਾਰਿਆਂ ਦੇ ਕੋਟ ਅਪ੍ਰਾਧ ਮਿਟਦੇ ਹਨ। ਹਰਿ ਕੀਰਤ ਰਸਿ ਗਾਵਣ ਦੀ ਦਾਤ ਭੀ ਤਿਨ੍ਹਾਂ ਦੇ ਸਤਿਸੰਗ, ਸੇਵਾ ਪ੍ਰਤਾਪ ਕਰਿ ਹੀ ਮਿਲਦੀ ਹੈ। ਤਿਨ੍ਹਾਂ ਵਡਭਾਗਿਆਂ ਨੂੰ ਇਸ ਲੋਕ ਵਿਖੇ ਸਚਾ ਸੁਖ ਮਿਲਦਾ ਹੈ ਅਤੇ ਅਗੇ ਪਰਲੋਕ ਵਿਚ ਤਿਨ੍ਹਾਂ ਦਾ ਮੁਖ ਉਜਲਾ ਹੁੰਦਾ ਹੈ। ਯਥਾ ਗੁਰਵਾਕ -

*ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ॥*
*ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ॥੨॥(੪॥੭) ਅੰਗ - ੬੧੦*

ਜਿਨ੍ਹਾਂ ਦੇ ਹਿਰਦੇ ਅੰਦਰਿ ਗੁਰਮਤਿ ਨਾਮ ਵਸ ਗਇਆ ਹੈ ਸੇ ਨਿਰਭਉ ਭਏ ਹੈਂ। ਸੇ ਸਚਿਆਰ ਗੁਰਸਿਖ ਸਤਿਗੁਰੂ ਨੂੰ ਭਾਣੇ ਹਨ। ਤਿਨ੍ਹਾਂ ਨੂੰ ਈਹਾਂ (ਇਸ ਲੋਕ ਵਿਖੇ) ਜੀਉਂਦੇ-ਜੀ ਸਚੇ ਸੁਖ ਦੀ ਪ੍ਰਾਪਤੀ ਹੋਈ ਹੈ ਅਤੇ ਅਗਲੀ ਦਰਗਾਹ ਵਿਖੇ ਤਿਨ੍ਹਾਂ ਦਾ ਮੁਖ ਉਜਲਾ ਭਇਆ ਹੈ। ਤਿਨ੍ਹਾਂ ਦੇ ਸਭ ਆਵਣ ਜਾਣ ਮਿਟ ਗਏ ਹੈਂ। ਯਥਾ ਗੁਰਵਾਕ -

*ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ॥*
*ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ॥੩॥(੪॥੧੦॥੨੧) ਅੰਗ - ੬੧੪*

ਅਕਾਲ ਪੁਰਖ ਦੀ ਦਰਗਾਹ ਹਰਿ ਨਾਮ ਅਰਾਧਿਆਂ, ਗੁਣ ਗਾਵਾਧਿਆਂ ਹੀ ਆਪਣੇ ਨਿਜ ਅਸਥਾਨ ਵਿਖੇ ਵਸੀਦਾ ਹੈ। ਅਤੇ ਗੁਰ ਸਰਣਾਈ ਆਇਆਂ ਹੀ ਹਰਿਨਾਮ ਆਰਾਧ ਸਕੀਦਾ ਹੈ ਤੇ ਹਰਿ ਗੁਣ ਗਾਇ ਸਕੀਦਾ ਹੈ। ਹਰਿ ਗੁਣ ਗਾਵਣ ਦਾ ਧੁਰਵਾ ਤਦ ਤੋਂ ਹੀ ਬੱਝਾ ਹੈ, ਜਦੋਂ ਤੋਂ ਗੁਰਬਾਣੀ ਧੁਰੋਂ ਆਇ ਅਵਤਰੀ। ਗੁਰਬਾਣੀ ਅੰਦਰਿ ਹੀ ਹਰਿ ਗੁਣ ਗੁੰਫਤ ਹਨ। ਨਾਮ ਨਿਰਬਾਣ ਦਾ ਆਗ਼ਾਜ਼ ਹੀ ਗੁਰੂ ਨਾਨਕ ਨਿਰੰਕਾਰੀ ਤੋਂ ਹੀ ਹੋਇਆ ਹੈ। ਤਾਂਤੇ ਇਹ ਦੋਊ ਵਸਤਾਂ ਹਰਿ ਗੁਣ ਗਾਵਣਾ ਅਤੇ ਨਾਮ ਧਿਆਵਣਾ ਕੇਵਲ ਗੁਰੂ ਘਰ ਤੋਂ ਹੀ ਹਾਸਲ ਹੋਣ ਯੋਗ ਹਨ। ਹੋਣ ਯੋਗ ਕੀ ਹਾਸਲ ਹੁੰਦੀਆਂ ਹੀ ਏਥੇ (ਗੁਰੂ ਘਰੋਂ, ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ) ਹਨ।

# ਸਾਹਿਬਜ਼ਾਦਿਆਂ ਦੀ ਸ਼ਹੀਦੀ

*(ਭਾਈ ਨਰੈਣ ਸਿੰਘ ਜੀ)*

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਅਤੇ ਦੁਸ਼ਮਣਾਂ ਨਾਲ ਲੜਦੇ ਭਿੜਦੇ ਰਾਤ ਦੇ ਸਮੇਂ ਸਰਸਾ ਨਦੀ ਨੂੰ ਪਾਰ ਕੀਤਾ ਤਾਂ ਰਾਤ ਦੇ ਹਨੇਰੇ ਅਤੇ ਲੜਾਈ ਦੇ ਘਮਸਾਣ ਵਿਚ ਗੁਰੂ ਜੀ ਦੀ ਬਿਰਧ ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ, ਗੁਰੂ ਜੀ ਅਤੇ ਹੋਰ ਸਿੱਖਾਂ ਤੋਂ ਨਿੱਖੜ ਗਏ। ਸਾਹਿਬ ਜ਼ੋਰਾਵਾਰ ਸਿੰਘ ਉਸ ਵੇਲੇ ਅੱਠ ਸਾਲ ਦੇ ਅਤੇ ਸਾਹਿਬ ਫਤਹਿ ਸਿੰਘ ਛੇ ਸਾਲ ਦੇ ਸਨ। ਇਨ੍ਹਾਂ ਦੇ ਨਾਲ ਤਦੋਂ ਗੰਗੂ ਬਾਹਮਣ ਸੀ, ਜੋ ਗੁਰੂ ਜੀ ਦਾ ਰਸੋਈਆ ਸੀ। ਗੰਗੂ ਦਾ ਪਿੰਡ ਸਹੇੜੀ ਇਥੋਂ ਨੇੜੇ ਹੀ, ਉਸ ਨੇ ਮਾਤਾ ਜੀ ਨੂੰ ਕਿਹਾ ਕਿ ਤੁਸੀਂ ਮੇਰੇ ਘਰ ਸਹੇੜੀ ਚਲੇ ਚਲੋ ਅਤੇ ਜਦੋਂ ਤਾਈਂ ਗੁਰ ਜੀ ਨਹੀਂ ਮਿਲ ਜਾਂਦੇ ਤੁਸੀਂ ਉਥੇ ਹੀ ਰਹੀ ਜਾਣਾ, ਮੈਂ ਹਰ ਤਰ੍ਹਾਂ ਤੁਹਾਡੀ ਸੇਵਾ ਕਰਾਂਗਾ। ਮਾਤਾ ਜੀ ਨੇ ਗੰਗੂ ਨੂੰ ਆਪਣਾ ਪੁਰਾਣਾ ਰਸੋਈਆ ਜਾਣ ਕੇ ਉਸ ਤੇ ਇਤਬਾਰ ਕੀਤਾ ਅਤੇ ਦੋਹਾਂ ਛੋਟੇ ਪੋਤਿਆਂ ਸਮੇਤ ਉਸ ਦੇ ਘਰ ਚਲੇ ਗਏ।

ਜਦੋਂ ਗੰਗੂ ਨੇ ਵੇਖਿਆ ਕਿ ਗੁਰੂ ਜੀ ਦੀ ਮਾਤਾ ਅਤੇ ਛੋਟੇ ਬੱਚੇ ਹੁਣ ਉਸ ਦੇ ਵਸ ਹਨ ਅਤੇ ਉਹ ਜੋ ਚਾਹੇ ਉਨ੍ਹਾਂ ਨਾਲ ਕਰ ਸਕਦਾ ਹੈ ਤਾਂ ਉਸ ਦੇ ਦਿਲ ਨੇ ਇਹ ਠਾਣ ਲਈ ਕਿ ਉਹ ਇਨ੍ਹਾਂ ਨੂੰ ਫੜਾ ਕੇ ਸਰਕਾਰ ਤੋਂ ਇਨਾਮ ਹਾਸਲ ਕਰੇਗਾ। ਉਸ ਦੇ ਪਿੰਡ ਦੇ ਲਾਗੇ ਹੀ ਪਠਾਣਾਂ ਦਾ ਪਿੰਡ ਮੋਰਿੰਡਾ ਸੀ। ਉਹ ਝਟ ਮੋਰਿੰਡਾ ਗਿਆ ਅਤੇ ਉਥੋਂ ਦੇ ਸਿਰਕਢ ਪਠਾਣਾਂ ਨੂੰ ਸਾਹਿਬਜ਼ਾਦਿਆਂ ਅਤੇ ਮਾਤਾ ਦੇ ਘਰ ਆਏ ਹੋਣ ਦੀ ਖ਼ਬਰ ਜਾ ਦਿਤੀ। ਪਠਾਣ ਬੜੇ ਖੁਸ਼ ਹੋਏ। ਉਨ੍ਹਾਂ ਨੇ ਗੰਗੂ ਦੇ ਘਰ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਰਹਿੰਦ ਲੈ ਜਾ ਕੇ ਉਨ੍ਹਾਂ ਨੂੰ ਸੂਬਾ ਵਜ਼ੀਰ ਖ਼ਾਨ ਦੇ ਪੇਸ਼ ਜਾ ਕੀਤਾ। ਸੂਬੇ ਨੇ ਉਨ੍ਹਾਂ ਨੂੰ ਠੰਢੇ ਬੁਰਜ ਅੰਦਰ ਬੰਦ ਕੀਤੇ ਜਾਣ ਦਾ ਹੁਕਮ ਦਿਤਾ ਅਤੇ ਉਨ੍ਹਾਂ ਪਰ ਸਖ਼ਤ ਪਹਿਰੇ ਲਗਾ ਦਿੱਤੇ। ਪੋਹ ਦੇ ਮਹੀਨੇ, ਜਦੋਂ ਵੈਸੇ ਹੀ ਸਰਦੀ ਦਾ ਜ਼ੋਰ ਹੁੰਦਾ ਹੈ, ਠੰਢੇ ਬੁਰਜ ਅੰਦਰ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਨੂੰ ਕੈਦ ਕਰ ਦੇਣਾ ਉਨ੍ਹਾਂ ਲਈ ਅਤਿ ਦੁਖਦਾਈ ਸੀ, ਪ੍ਰੰਤੂ ਜ਼ਾਲਮ ਸੂਬੇ ਨੂੰ ਅਜਿਹਾ ਕਰਨ ਤੋਂ ਕੌਣ ਰੋਕ ਸਕਦਾ ਸੀ?

ਵਜ਼ੀਰ ਖਾਨ ਸਮਝਦਾ ਸੀ ਕਿ ਸਾਹਬਜ਼ਾਦੇ ਕੈਦਖ਼ਾਨੇ ਦੀ ਸਖ਼ਤੀ ਅਤੇ ਉਸ ਦੇ ਭੈ ਤੋਂ ਘਬਰਾ ਕੇ ਆਪਣਾ ਧਰਮ ਹਾਰ ਦੇਣਗੇ ਅਤੇ ਜੇਕਰ ਉਨ੍ਹਾਂ ਨੇ ਕੇਸ ਕਟਵਾ ਕੇ ਮੁਸਲਮਾਨ ਬਣ ਜਾਣਾ ਮੰਨ ਲਿਆ ਤਾਂ ਦਿੱਲੀ ਦਰਬਾਰ ਵਿਚ ਉਸ ਦੀ ਬੜੀ ਇੱਜਤ ਹੋਵੇਗੀ ਅਤੇ ਉਨ੍ਹਾਂ ਦੇ ਵੇਖੋ-ਵੇਖੀ ਫਿਰ ਹੋਰ ਲੋਕ ਭੀ ਮੁਸਲਮਾਨ ਹੋ ਜਾਣਗੇ। ਇਸ ਲਈ ਉਸ ਨੇ ਅਗਲੇ ਅਥਵਾ ੨੪ ਦਸੰਬਰ ਦੇ ਦਿਨ ਸਾਹਿਬਜ਼ਾਦਿਆਂ ਨੂੰ ਉਸ ਦੀ ਕਚਹਿਰੀ ਪੇਸ਼ ਕੀਤੇ ਜਾਣ ਦਾ ਹੁਕਮ ਦਿੱਤਾ।

ਜਦੋਂ ਕੋਤਵਾਲ ਨੇ ਮਾਤਾ ਜੀ ਤਾਈਂ ਸਾਹਿਬਜ਼ਾਦਿਆਂ ਨੂੰ ਸੂਬੇ ਦੇ ਪੇਸ਼ ਕਰਨ ਦਾ ਹੁਕਮ ਸੁਣਾਇਆ ਤਾਂ ਮਾਤਾ ਸਾਰੀ ਗੱਲ ਭਾਂਪ ਗਈ ਅਤੇ ਦੋਹਾਂ ਸਾਹਿਬਜ਼ਾਦਿਆਂ ਦੇ ਸਿਰ ਆਪਣੇ ਹਥੀਂ ਸੋਹਣੀਆਂ ਦਸਤਾਰਾਂ ਸਜਾ ਕੇ ਉਨ੍ਹਾਂ ਨੂੰ ਇਉਂ ਸਮਝਾਇਆ -

''ਬੱਚਿਓ! ਮੈਂ ਤੁਹਾਨੂੰ ਤਿਆਰ ਕਰ ਕੇ ਸੂਬੇ ਪਾਸ ਭੇਜਣ ਲਗੀ ਹਾਂ। ਪਤਾ ਨਹੀਂ ਉਹ ਤੁਹਾਡੇ ਨਾਲ ਕੀ ਸਲੂਕ ਕਰੇਗਾ। ਪਰ ਤੁਸਾਂ ਮੇਰੀ ਇਕ ਗੱਲ ਚੇਤੇ ਰੱਖਣੀ ਕਿ ਤੁਸੀਂ ਉਸ ਗੁਰੂ ਤੇਗ ਬਹਾਦਰ ਜੀ ਦੇ ਪੋਤੇ ਹੋ ਜਿਨਾਂ ਨੇ ਦਿੱਲੀ ਦੇ ਚਾਂਦਨੀ ਚੌਕ ਅੰਦਰ ਆਪਣਾ ਸੀਸ ਤਾਂ ਕਟਵਾ ਲਿਆ ਸੀ ਪਰ ਜ਼ੁਲਮ ਅੱਗੇ ਝੁਕੇ ਨਹੀਂ ਸਨ ਅਤੇ ਨਾ ਜ਼ਾਲਮ ਦਾ ਡਰ ਦਿਲ ਵਿਚ ਰੱਖਿਆ ਸੀ। ਮੌਤ ਨੇ ਇਕ

ਦਿਨ ਜ਼ਰੂਰ ਆਉਣਾ ਹੈ ਅਤੇ ਇਸ ਤੋਂ ਡਰਿਆਂ ਇਸ ਨੇ ਛਡਣਾ ਨਹੀਂ। ਇਸ ਲਈ ਮੌਤ ਦਾ ਡਰ ਦਿਲ ਵਿਚ ਕਦੀ ਵੀ ਨਹੀਂ ਲਿਆਉਣਾ ਅਤੇ ਜੇਕਰ ਸਿਰ ਦੇ ਪਿਆਰੇ ਕੇਸ ਅਤੇ ਧਰਮ ਰਖਣ ਲਈ ਗਰਦਨ ਕਟਾਉਣੀ ਪਵੇ ਤਾਂ ਬੇਸ਼ਕ ਕਟਾ ਦੇਣੀ, ਪਰ ਧਰਮ ਨਹੀਂ ਹਾਰਨਾ ਅਤੇ ਨਾ ਜਾਲਮ ਅੱਗੇ ਸਿਰ ਝੁਕਾਉਣਾ। ਜ਼ਾਲਮ ਸੂਬਾ ਤੁਹਾਨੂੰ ਕਈ ਤਰ੍ਹਾਂ ਦੇ ਲਾਲਚ ਦੇਵੇਗਾ, ਤੁਸੀਂ ਉਨ੍ਹਾਂ ਵਿਚ ਫਸਣਾ ਨਹੀਂ। ਤੁਹਾਨੂੰ ਧਰਮ ਤੋਂ ਡੇਗਣ ਲਈ ਤਰ੍ਹਾਂ ਤਰ੍ਹਾਂ ਦੇ ਡਰ ਅਤੇ ਦੁਖ ਭੀ ਦੇਵੇਗਾ, ਤੁਸੀਂ ਡਰਨਾ ਜਾਂ ਘਬਰਾਉਣਾ ਨਹੀਂ। ਤੁਸੀਂ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਧਰਨਾ ਉਹ ਤੁਹਾਨੂੰ ਮੁਸੀਬਤ ਵਿਚ ਡੋਲਣ ਨਹੀਂ ਦੇਣਗੇ ਅਤੇ ਫਿਰ ਦੁਖ ਤੁਹਾਨੂੰ ਪੋਹ ਨਹੀਂ ਸਕੇਗਾ। ਲੌ ਹੁਣ ਤੁਸੀਂ ਜਾਓ, ਮੇਰਾ ਤੇ ਤੁਹਾਡਾ ਸ਼ਾਇਦ ਇਹ ਅਖ਼ੀਰੀ ਮੇਲਾ ਹੈ, ਪਰ ਇਹ ਸਰੀਰ ਛੁਟ ਜਾਣ ਪਿਛੋਂ ਤੁਸੀਂ ਤੇ ਮੈਂ ਫਿਰ ਮਿਲਾਂਗੇ। ਉਸ ਸਮੇਂ ਤੁਹਾਡੇ ਦਾਦਾ ਗੁਰੂ ਤੇਗ ਬਹਾਦਰ ਜੀ ਭੀ ਆਪਣੇ ਪਾਸ ਹੋਣਗੇ ਅਤੇ ਉਸ ਤੋਂ ਮਗਰੋਂ ਫਿਰ ਆਪਾਂ ਕਦੀ ਵੀ ਨਹੀਂ ਵਿਛੜਾਂਗੇ।''

ਇਤਨਾ ਕਹਿ ਕੇ ਬਿਰਧ ਮਾਤਾ ਨੇ ਸਾਹਿਬਜ਼ਾਦਿਆਂ ਦੇ ਸਿਰ ਤੇ ਪਿਆਰ ਦਿਤਾ, ਮੂੰਹ ਚੁੰਮਿਆ, ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਉਨ੍ਹਾਂ ਨੂੰ ਕੋਤਵਾਲ ਦੇ ਨਾਲ ਤੋਰ ਦਿਤਾ।

ਕੋਤਵਾਲ ਸਾਹਿਬਜ਼ਾਦਿਆਂ ਨੂੰ ਲੈ ਕੇ ਉਥੇ ਪੁੱਜਾ ਜਿਥੇ ਸਰਹਿੰਦ ਦਾ ਸੂਬਾ ਆਪਣੇ ਵਜ਼ੀਰਾਂ ਅਮੀਰਾਂ ਸਮੇਤ ਦਰਬਾਰ ਲਾਈ ਬੈਠਾ ਸੀ। ਉਸ ਦਾ ਖ਼ਿਆਲ ਸੀ ਕਿ ਇਹ ਛੇ ਅਤੇ ਅਠ ਸਾਲ ਦੇ ਅੰਞਾਣੇ ਬੱਚੇ ਮੇਰੇ ਦਰਬਾਰ ਦਾ ਠਾਠ ਵੇਖ ਕੇ ਘਬਰਾ ਜਾਣਗੇ ਅਤੇ ਮੈਂ ਜੋ ਕੁਝ ਇਹਨਾਂ ਨੂੰ ਕਹਾਂਗਾ, ਇਹ ਝਟ ਮੰਨ ਜਾਣਗੇ। ਪਰ ਜਦੋਂ ਸਾਹਿਬਜ਼ਾਦੇ ਸੂਬੇ ਦੇ ਸਾਹਮਣੇ ਆਏ ਤਾਂ ਇਨ੍ਹਾਂ ਬੜੀ ਨਿਡਰਤਾ ਨਾਲ ਸੂਬੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਕ-ਟਕ ਉਸ ਵੱਲ ਤਕਿਆ ਅਤੇ ਮੂੰਹ ਤੋਂ ਗੱਜ ਕੇ 'ਵਾਹਿਗੁਰੂ ਜੀ ਕੀ ਫਤਹ ਬੁਲਾਈ। ਸੂਬਾ ਅਤੇ ਵਜ਼ੀਰ-ਅਮੀਰ ਬੱਚਿਆਂ ਦੀ ਇਹ ਦਲੇਰੀ ਵੇਖ, ਬੜੇ ਹੈਰਾਨ ਹੋਏ ਅਤੇ ਉਨ੍ਹਾਂ ਵਿਚੋਂ ਇਕ ਨੇ ਸਾਹਿਬਜ਼ਾਦਿਆਂ ਨੂੰ ਨਵਾਬ ਸਾਹਿਬ ਦੇ ਸਾਹਮਣੇ ਸਿਰ ਝੁਕਾ ਕੇ ਸਲਾਮ ਕਰਨ ਨੂੰ ਕਿਹਾ। ਸਾਹਿਬ ਜੋਰਾਵਰ ਸਿੰਘ ਨੇ ਉਚੀ ਆਵਾਜ਼ ਵਿਚ ਜਵਾਬ ਦਿਤਾ, ''ਅਸੀਂ ਆਪਣੇ ਗੁਰੂ ਪਿਤਾ ਜੀ ਤੋਂ ਬਿਨਾਂ ਕਿਸੇ ਦੇ ਸਾਹਮਣੇ ਸਿਰ ਝੁਕਾਉਣਾ ਨਹੀ ਸਿਖੇ ਅਤੇ ਨਾ ਕਦੀ ਝੁਕਾਵਾਂਗੇ, ਤੁਸੀਂ ਹੋਰ ਜਿਹੜੀ ਗੱਲ ਕਰਨੀ ਹੈ ਕਰੋ।'' ਸੂਬਾ ਸਾਹਿਬਜ਼ਾਦੇ ਦੇ ਇਸ ਤਰ੍ਹਾਂ ਦੇ ਬੋਲਣ ਤੇ ਹੋਰ ਭੀ ਹੈਰਾਨ ਹੋਇਆ ਅਤੇ ਉਸ ਨੇ ਕਚਹਿਰੀ ਅੰਦਰ ਬੈਠੇ ਕਾਜ਼ੀ ਵੱਲ ਉਨ੍ਹਾਂ ਨਾਲ ਗੱਲ ਕਰਨ ਲਈ ਇਸ਼ਾਰਾ ਕੀਤਾ।

ਹੁਣ ਕਾਜ਼ੀ ਨੇ ਅੱਗੇ ਵਧ ਕੇ ਸਾਹਿਬਜ਼ਾਦਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਡਰ ਤੇ ਲਾਲਚ ਦੇਣੇ ਸ਼ੁਰੂ ਕੀਤੇ, ਕਦੀ ਪਿਆਰ ਨਾਲ ਸਮਝਾਉਂਦਾ ਅਤੇ ਕਦੀ ਧਮਕੀ ਦੇਂਦਾ ਤੇ ਡਰਾਉਂਦਾ। ਉਸ ਨੇ ਇਥੋਂ ਤਕ ਕਹਿ ਦਿਤਾ ਕਿ "ਜਿਸ ਗੁਰੂ ਪਿਤਾ ਦਾ ਤੁਹਾਡੇ ਦਿਲ ਵਿਚ ਲਾਡ ਹੈ ਉਹ ਹੁਣ ਤੁਹਾਨੂੰ ਨਹੀਂ ਮਿਲ ਸਕਦਾ, ਉਹ ਤਾਂ ਸਰਸਾ ਨਦੀ ਤੋਂ ਲੰਘਦੇ ਹੋਏ ਰਸਤੇ ਵਿਚ ਹੀ ਮਾਰੇ ਗਏ ਹਨ ਅਤੇ ਉਹਨਾਂ ਦੇ ਨਾਲ ਸਾਰੇ ਸਿਖ ਭੀ ਮਰ ਚੁੱਕੇ ਹਨ। ਤੁਹਾਡੀ ਮਦਦ ਕਰਨ ਵਾਲਾ ਹੁਣ ਕੋਈ ਨਹੀਂ ਰਿਹਾ। ਤੁਹਾਡੇ ਲਈ ਤਾਂ ਹੁਣ ਇਹ ਚੰਗਾ ਹੈ ਕਿ ਤੁਸੀਂ ਨਵਾਬ ਸਾਹਿਬ ਨੂੰ ਹੀ ਆਪਣਾ ਧਰਮ ਦਾ ਬਾਪ ਸਮਝੋ ਅਤੇ ਦੀਨ ਇਸਲਾਮ ਨੂੰ ਕਬੂਲ ਕੇ ਬਾਦਸ਼ਾਹੀ ਠਾਠ ਦੀਆਂ ਮੌਜਾਂ ਮਾਣੋ।'' ਕਾਜ਼ੀ ਦੇ ਅਜਿਹੇ ਬਚਨ ਸੁਣ ਕੇ ਸਾਹਿਬਜ਼ਾਦੇ ਜੋਸ਼ ਵਿਚ ਆ ਗਏ ਅਤੇ ਇਕ ਦਮ ਬੋਲ ਉਠੇ, ''ਕਾਜ਼ੀ, ਕਿਉਂ ਉਪੱਦਰ ਤੋਲਦਾ ਹੈਂ? ਸਾਡੇ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਮਾਰਨ ਵਾਲਾ ਕੌਣ ਜੰਮਿਆ ਹੈ? ਸਾਡੀ ਮਦਦ ਕਰਨ ਵਾਲਾ ਅਕਾਲ ਪੁਰਖ ਆਪ ਹੈ। ਜਦੋਂ ਸਾਡਾ ਅਕਾਲ-ਪੁਰਖ ਸਾਡੇ ਨਾਲ ਹੈ ਤਾਂ ਸਾਨੂੰ ਤੇਰੇ ਨਵਾਬ ਦੀ ਕੀ ਕਾਣ ਹੈ! ਬਾਕੀ ਜੋ ਤੂੰ ਸਾਨੂੰ ਦੀਨ ਇਸਲਾਮ ਅਤੇ ਬਾਦਸ਼ਾਹੀ ਠਾਠ ਦੀਆਂ ਮੌਜਾਂ ਦਸਦਾ ਹੈਂ, ਇਹ ਗੱਲ ਮੁੜ ਕੇ ਸਾਡੇ ਨਾਲ ਕਰਨ ਦੀ ਲੋੜ ਨਹੀਂ। ਤੇਰੇ ਜਿਹੇ ਆਦਮੀ ਲਈ ਐਸਾ ਕਹਿਣਾ ਹਰਗਿਜ਼ ਨਹੀਂ ਸੋਭਦਾ ਕਿ ਅਸੀਂ ਆਪਣਾ ਬਾਪ ਛੱਡ ਕੇ ਦੂਸਰੇ ਨੂੰ ਆਪਣਾ ਬਾਪ ਸਮਝ ਲਈਏ। ਜੇਕਰ ਅਸੀਂ ਆਜ਼ਾਦ ਹੁੰਦੇ ਤਾਂ ਹੁਣੇ ਤੇਰੇ ਇਸ ਕਹਿਣ ਦਾ ਮੁੱਲ ਪੁਆ ਦੇਂਦੇ।''

ਸਾਹਿਬਜ਼ਾਦਿਆਂ ਦੇ ਇਸ ਦਲੇਰੀ ਭਰੇ ਉੱਤਰ ਨਾਲ ਨਵਾਬ ਦੀ ਕਚਹਿਰੀ ਅੰਦਰ ਇਕ ਤਰ੍ਹਾਂ ਦਾ ਸੱਨਾਟਾ ਛਾ ਗਿਆ ਅਤੇ ਕਿਤਨਾ ਸਮਾਂ ਚੁੱਪ ਵਰਤੀ ਰਹੀ। ਅਖ਼ੀਰ ਸੂਬਾ ਬੜੇ ਰੋਹ ਭਰੇ ਦਿਲ ਨਾਲ ਬੋਲਿਆ ਕਿ ਮੈਂ ਤਾਂ ਇਨ੍ਹਾਂ ਨੂੰ ਮਾਸੂਮ ਜਾਣ ਕੇ ਇਨ੍ਹਾਂ ਨਾਲ ਆਪਣੇ ਬੱਚਿਆਂ ਵਾਲਾ ਸਲੂਕ ਕੀਤਾ ਸੀ, ਪਰ ਮੈਂ ਸਮਝ ਗਿਆ ਹਾਂ ਕਿ ਇਹ ਇਸ ਦੇ ਯੋਗ ਨਹੀਂ। ਅਗਰ ਇਹ ਦੀਨ ਇਸਲਾਮ

ਕਬੂਲਣ ਤੋਂ ਇਨਕਾਰ ਕਰਦੇ ਹਨ ਤਾਂ ਇਨ੍ਹਾਂ ਨਾਲ ਸ਼ਰਹ ਦੇ ਅਨੁਕੂਲ ਵਰਤਾਅ ਕੀਤਾ ਜਾਣਾ ਚਾਹੀਦਾ ਹੈ। ਕਾਜ਼ੀ ਸਾਹਿਬ ਦੱਸਣ ਕਿ ਸ਼ਰਹ ਦਾ ਇਸ ਬਾਰੇ ਕੀ ਫੁਰਮਾਨ ਹੈ। ਕਾਜ਼ੀ, ਜੋ ਸਾਹਿਬਜ਼ਾਦਿਆਂ ਉਪਰ ਕੋਈ ਪ੍ਰਭਾਵ ਨ ਪਾ ਸਕਣ ਕਰਕੇ ਛਿੱਥਾ ਪੈ ਚੁਕਾ ਹੋਇਆ ਸੀ, ਝੱਟ ਬੋਲ ਉਠਿਆ, ''ਹਜ਼ੂਰ, ਸ਼ਰਹ ਐਸੇ ਹਠੀ ਅਤੇ ਗੁਸਤਾਖ਼ ਬੱਚਿਆਂ ਦਾ ਇੱਟਾਂ ਦੀ ਦੀਵਾਰ ਅੰਦਰ ਚੁਣੇ ਜਾਣ ਦਾ ਫੁਰਮਾਨ ਦੇਂਦੀ ਹੈ।

''ਤਾਂ ਫਿਰ ਇਨ੍ਹਾਂ ਗੁਸਤਾਖ਼ਾਂ ਨੂੰ ਦੀਵਾਰ ਅੰਦਰ ਚਿਣੇ ਜਾਣ ਵਿਚ ਦੇਰ ਕਿਉਂ ਕੀਤੀ ਜਾ ਰਹੀ ਹੈ'', ਇਉਂ ਕਹਿੰਦਾ ਨਵਾਬ ਉਠ ਖੜਾ ਹੋਇਆ ਅਤੇ ਇੱਟਾਂ ਲਗਾਉਣ ਵਾਲੇ ਮਿਸਤ੍ਰੀ ਅਤੇ ਚੂਨਾ ਸੁਰਖੀ ਇੱਟਾਂ ਆਦਿ ਲਿਆਉਣ ਦੇ ਹੁਕਮ ਜਾਰੀ ਹੋ ਗਏ।

ਥੋੜੀ ਦੇਰ ਵਿੱਚ ਹੀ ਸਾਰੇ ਸਾਮਾਨ ਤਿਆਰ ਹੋ ਜਾਣ ਤੇ ਸਾਹਿਬਜ਼ਾਦਿਆਂ ਨੂੰ ਵਿਚਾਲੇ ਖੜਾ ਕਰ ਕੇ ਇਨ੍ਹਾਂ ਦੇ ਚਾਰੇ ਪਾਸੇ ਇੱਟਾਂ ਬੀੜਨੀਆਂ ਸ਼ੁਰੂ ਕੀਤੀਆਂ ਗਈਆਂ। ਉਨ੍ਹਾਂ ਦੇ ਮਾਸੂਮ ਤੇ ਕੋਮਲ ਸਰੀਰਾਂ ਨੂੰ ਮਸਾਲੇ ਨਾਲ ਇੱਟਾਂ ਬੀੜਨ ਤੋਂ ਜੋ ਅਤਿ ਦਰਜੇ ਦਾ ਦੁਖ ਤੇ ਪੀੜਾ ਹੋਈ, ਇਸ ਦਾ ਅੰਦਾਜ਼ਾ ਕਰਨਾ ਭੀ ਕਠਨ ਹੈ। ਕੰਧ ਦੀ ਉਸਾਰੀ ਦੇ ਦੌਰਾਨ ਇਕ ਦੋ ਵੇਰ ਕਾਜ਼ੀ ਨੇ ਮੁੜ ਸਾਹਿਬਜ਼ਾਦਿਆਂ ਨੂੰ ਦੀਨ ਇਸਲਾਮ ਕਬੂਲ ਕਰ ਕੇ, ਇਸ ਮੁਸੀਬਤ ਤੋਂ ਬਚਣ ਦੀ ਪ੍ਰੇਰਨਾ ਦਿਤੀ, ਪ੍ਰੰਤੂ ਉਨ੍ਹਾਂ ਦੀ ਗੁਰੂ ਪਿਤਾ ਦੇ ਚਰਨਾਂ ਵਿਚ ਜੁੜ ਚੁਕੀ ਬਿਰਤੀ ਨੂੰ ਕਾਜ਼ੀ ਕਿਸੇ ਤਰ੍ਹਾਂ ਭੀ ਡੁਲਾ ਨ ਸਕਿਆ। ਵੇਖਣ ਵਾਲੇ ਅਨਗਿਣਤ ਲੋਕ ਸਾਹਿਬਜ਼ਾਦਿਆਂ ਦੀ ਇਸ ਅਡੋਲਤਾ ਉਤੇ ਅਸ਼ ਅਸ਼ ਕਰਦੇ ਅਤੇ ਉਂਗਲਾਂ ਟੁਕਦੇ ਸਨ, ਪ੍ਰੰਤੂ ਕਿਸੇ ਦਾ ਹੀਆ ਨਹੀਂ ਸੀ ਕਿ ਜ਼ਾਲਮ ਸੂਬੇ ਦੇ ਇਸ ਜ਼ੁਲਮ ਵਿਰੁਧ ਕੁਸਕ ਸਕੇ।

ਹੌਲੀ ਹੌਲੀ ਕੰਧ ਉਚੀ ਹੁੰਦੀ ਗਈ ਅਤੇ ਸਾਹਿਬਜ਼ਾਦਿਆਂ ਦੇ ਸਰੀਰ ਦੇ ਹੇਠਲੇ ਅੰਗ ਇੱਟਾਂ ਤੋਂ ਮਸਾਲੇ ਦੀ ਦਬ ਨਾਲ ਸਉਣੇ ਸ਼ੁਰੂ ਹੋ ਗਏ। ਉਨ੍ਹਾਂ ਨੇ ਕੰਧ ਦੀ ਚਿਣਾਈ ਸ਼ੁਰੂ ਹੋਣ ਸਮੇਂ ਤੋਂ ਹੀ 'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ॥' ਵਿਚ ਆਪਣਾ ਮਨ ਜੋੜ ਲਿਆ ਹੋਇਆ ਸੀ। ਜਿਉਂ ਜਿਉਂ ਕੰਧ ਉਚੀ ਹੁੰਦੀ ਗਈ, ਸਹਿਬਜ਼ਾਦਿਆਂ ਦੇ ਕੋਮਲ ਸਰੀਰ ਕੁਮਲਾਉਣੇ ਸ਼ੁਰੂ ਹੋ ਗਏ ਅਤੇ ਇਸਦੇ ਨਾਲ ਹੀ ਬੇ-ਸੁਰਤੀ ਜ਼ੋਰ ਪਾਉਣ ਲਗੀ। ਭਾਵੇਂ ਇਸ ਸਮੇਂ ਮੌਕੇ ਤੇ ਹਾਜ਼ਰ ਲੋਕ ਸਾਰੇ ਹੀ ਗੁਰੂ ਜੀ ਦੇ ਵਿਰੋਧੀ ਤੇ ਦੁਸ਼ਮਨ ਸਨ, ਪ੍ਰੰਤੂ ਮਾਸੂਮ ਤੇ ਨਿਰਛਲ ਬੱਚਿਆਂ ਉਤੇ ਵਰਤਦਾ ਇਹ ਕਹਿਰ ਕਿਸੇ ਤੋਂ ਭੀ ਸਹਾਰਿਆ ਨਹੀਂ ਜਾਂਦਾ ਸੀ। ਉਨ੍ਹਾਂ ਦੇ ਗੁਲਾਬੀ ਚਮਕਦੇ ਚੇਹਰਿਆਂ ਉਪਰ ਛਾ ਰਹੀ ਮੁਰਦਿਹਾਨੀ ਅਤੇ ਝਲਕਦੀਆਂ ਅੱਖਾਂ ਦੇ ਬੁਝ ਰਹੇ ਦੀਵਿਆਂ ਨੂੰ ਤੱਕ, ਉਨਾਂ ਦੇ ਕੱਟੜ ਤੋਂ ਪੱਥਰ ਦਿਲ ਭੀ ਪੰਘਰ ਚੁਕੇ ਸਨ ਅਤੇ ਕਈ ਵੇਖਣਹਾਰਿਆਂ ਦੀਆਂ ਅੱਖਾਂ ਵਿਚੋਂ ਅਥਰੂ ਵਗਦੇ ਅਤੇ ਗਲੇ ਗਚ ਹੋ ਚੁਕੇ ਸਨ। ਇਥੋਂ ਤਕ ਕਿ ਜੋ ਮਿਸਤ੍ਰੀ ਸਹਿਬਜ਼ਾਦਿਆਂ ਦੇ ਦੁਆਲੇ ਇੱਟਾ ਚਿਣ ਰਹੇ ਸਨ, ਉਹ ਭੀ ਇੱਟਾਂ ਚਿਨਣੋਂ ਰਹਿ ਖਲੋਤੇ। ਜੋ ਇੱਟਾਂ ਇਨ੍ਹਾਂ ਹੁਣ ਤਕ ਲਗਾਈਆਂ ਸਨ, ਉਹ ਭੀ ਇਤਨੀਆਂ ਵਿੰਗੀਆਂ ਟੇਢੀਆਂ ਸਨ ਕਿ ਉਹ ਆਪਣੀ ਆਪਣੀ ਥਾਉਂ ਠੀਕ ਨ ਰਹਿ ਸਕੀਆਂ ਅਤੇ ਵੇਖਦਿਆਂ-ਵੇਖਦਿਆਂ ਇਹ ਕੰਧ ਫਟ ਕੇ ਡਿੱਗ ਪਈ ਅਤੇ ਇਸ ਦੇ ਨਾਲ ਹੀ ਬੇ ਹੋਸ਼ ਸਾਹਿਬਜ਼ਾਦਿਆਂ ਦੇ ਸਰੀਰ ਭੀ ਇੱਟਾਂ ਦੇ ਉਪਰ ਵਿਛ ਗਏ।

ਅਜਿਹੀ ਬੇਸੁਰਤੀ ਦੀ ਦਸ਼ਾ ਵਿਚ ਹੀ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਮਾਤਾ ਜੀ ਪਾਸ ਪਹੁੰਚਾਇਆ ਗਿਆ। ਮਾਤਾ ਜੀ ਦੇ ਦਿਲ ਪਰ ਇਸ ਅਤਿ ਦਰਦਨਾਕ ਦ੍ਰਿਸ਼ ਦਾ ਜੋ ਅਸਰ ਹੋਇਆ, ਉਸ ਦਾ ਕਥਨ ਕਰਨਾ ਭੀ ਮੁਸ਼ਕਲ ਹੈ। ਪ੍ਰੰਤੂ ਮਾਤਾ ਜੀ ਨੇ ਵਡੇ ਹੌਂਸਲੇ ਅਤੇ ਦ੍ਰਿੜਤਾ ਨਾਲ ਇਨ੍ਹਾਂ ਨੂੰ ਸੰਭਾਲਿਆ ਅਤੇ ਬੱਚਿਆਂ ਦੇ ਸਰੀਰਾਂ ਨੂੰ ਆਪਣੇ ਹੱਥਾਂ ਦੀ ਗਰਮਾਈ ਤੇ ਮਾਲਸ਼ ਨਾਲ ਮੁੜ ਸੁਰਜੀਤ ਕੀਤਾ। ਹੌਲੀ-ਹੌਲੀ ਬੱਚਿਆਂ ਨੂੰ ਸੁਰਤ ਫਿਰੀ ਅਤੇ ਅੱਖਾਂ ਖੁੱਲ੍ਹ ਉਨ੍ਹਾਂ ਮਾਤਾ ਜੀ ਵੱਲ ਤਕਿਆ ਅਤੇ ਮਾਤਾ ਨੇ ਇਨਾਂ ਦੀ ਸੁਰਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਜੋੜ ਰਖਣ ਦਾ ਉਪਰਾਲਾ ਕੀਤਾ ਅਤੇ ਦੁਖਾਂ ਦੀ ਇਹ ਲੰਬੀ ਰਾਤ ਬੱਚਿਆਂ ਦੀ ਸੇਵਾ ਕਰਦਿਆਂ ਬਿਤਾਈ।

ਅਗਲਾ ਦਿਨ ਭੀ ਏਸੇ ਹਾਲਤ ਵਿਚ ਠੰਢੇ ਬੁਰਜ ਅੰਦਰ ਹੀ ਬੀਤਿਆ ਅਤੇ ਮਾਤਾ ਬੱਚਿਆਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕਾਂ ਕਾਰਨਾਮੇ ਸੁਣਾ ਸੁਣਾ ਉਤਸ਼ਾਹਿਤ ਕਰਦੀ ਰਹੀ। ਕਲ੍ਹ ਦੀ ਦੁਖਦਾਈ ਘਟਨਾ ਨੇ ਸਾਹਿਬਜ਼ਾਦਿਆਂ ਨੂੰ ਭਾਵੇਂ ਸਰੀਰਕ ਤੌਰ ਤੇ ਬਹੁਤ ਕਮਜ਼ੋਰ ਕਰ ਦਿੱਤਾ ਸੀ, ਪ੍ਰੰਤੂ ਉਨ੍ਹਾਂ ਦੀ ਆਤਮਕ ਅਵਸਥਾ ਅਤੇ ਸਿਦਕ ਪਹਿਲੇ ਨਾਲੋਂ ਭੀ ਦੂਣ ਸਵਾਏ ਹੋ ਗਏ ਸਨ ਅਤੇ

ਆਪਣੇ ਦਾਦਾ ਗੁਰੂ ਵਾਂਗ ਧਰਮ ਦੇ ਨਾਮ ਤੇ ਸ਼ਹੀਦ ਹੋ ਜਾਣ ਦਾ ਚਾਉ ਉਨ੍ਹਾਂ ਦੇ ਅੰਦਰ ਲਟ ਲਟ ਭੜਕ ਰਿਹਾ ਸੀ।

ਜਿਵੇਂ ਕਿਵੇਂ ਰਾਤ ਬੀਤੀ, ੨੭ ਦਸੰਬਰ ਦਾ ਦਿਨ ਚੜ੍ਹਿਆ। ਸੂਬੇ ਵਲੋਂ ਅੱਜ ਫਿਰ ਸਾਹਿਬਜ਼ਾਦਿਆਂ ਨੂੰ ਹਾਜ਼ਰ ਕੀਤੇ ਜਾਣ ਦਾ ਹੁਕਮ ਪੁੱਜਾ। ਮਾਤਾ ਨੇ ਪਹਿਲੇ ਦੀ ਤਰ੍ਹਾਂ ਇਨ੍ਹਾਂ ਨੂੰ ਤਿਆਰ ਕੀਤਾ ਅਤੇ ਹਰ ਤਰ੍ਹਾਂ ਦਾ ਕਸ਼ਟ ਦੇ ਸਾਹਮਣੇ ਅਡੋਲ ਰਹਿਣ ਅਤੇ ਗੁਰੂ ਪਿਤਾ ਦੇ ਚਰਨਾਂ ਵਿਚ ਆਪਣੀਆਂ ਬਿਰਤੀਆਂ ਜੋੜੇ ਰਖਣ ਦੀ ਤਾਕੀਦ ਕਰਦੇ ਹੋਏ ਕੋਤਵਾਲ ਦੇ ਨਾਲ ਤੋਰ ਦਿਤਾ।

ਸਾਹਿਬਜ਼ਾਦਿਆਂ ਨੇ ਕਚਹਿਰੀ ਪੁੱਜ ਕੇ ਪਹਿਲੇ ਦਿਨ ਦੀ ਤਰ੍ਹਾਂ 'ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਚੁਪ ਚਾਪ ਖੜੇ ਹੋ ਗਏ। ਅਜ ਨਵਾਬ ਦੀ ਤਬੀਅਤ ਵਿਚ ਕੁਝ ਨਰਮਾਈ ਸੀ ਅਤੇ ਉਹ ਇਸੇ ਸੋਚ ਵਿਚ ਸੀ ਕਿ ਗੁਰੂ ਜੀ ਦੇ ਸਾਹਿਬਜ਼ਾਦਿਆਂ ਨਾਲ ਕੈਸਾ ਵਰਤਾਉ ਕੀਤਾ ਜਾਵੇ। ਕਚਹਿਰੀ ਵਿਚ ਹਾਜਰ ਪਤਵੰਤੇ ਸੱਜਣ ਆਪਣੇ ਆਪਣੇ ਖ਼ਿਆਲ ਪ੍ਰਗਟ ਕਰ ਰਹੇ ਸਨ। ਮਲੇਰ ਕੋਟਲੇ ਤੋਂ ਆਏ ਅਮੀਰ ਵਜੀਰ ਪਠਾਣ ਸ਼ੇਰ ਮੁਹੰਮਦ ਖਾਂ ਨੇ ਕਿਹਾ, ''ਨਵਾਬ ਸਾਹਿਬ, ਬਾਪ ਦਾ ਵੈਰ ਬੇਟੇ ਪਾਸੋਂ ਲੈਣਾ ਔਰ ਫਿਰ ਨਾਬਾਲਗ ਮਾਸੂਮ ਬੱਚਿਆਂ ਨੂੰ ਬਾਪ ਦੇ ਕਿਸੇ ਫ਼ੇਲ੍ਹ ਲਈ ਕਸੂਰਵਾਰ ਠਹਿਰਾਉਣਾ ਕਿਸੇ ਤਰ੍ਹਾਂ ਭੀ ਵਾਜਬ ਨਹੀਂ। ਅਜਿਹਾ ਕਰਨਾ ਕਿਸੇ ਦੀਨ ਧਰਮ ਅੰਦਰ ਜਾਇਜ਼ ਨਹੀਂ, ਇਸ ਲਈ ਇਨ੍ਹਾਂ ਬੱਚਿਆਂ ਪਰ ਕੋਈ ਸਖ਼ਤੀ ਰਵਾ ਰਖਣੀ ਠੀਕ ਨਹੀਂ ਹੋਵੇਗੀ।''

ਸ਼ੇਰ ਮੁਹੰਮਦ ਖਾਂ ਦੀ ਗੱਲ ਸੁਣ ਕੇ ਨਵਾਬ ਸਰਹੰਦ ਨੇ ਸ਼ੇਰ ਮੁਹੰਮਦ ਖਾਂ ਨੂੰ ਇਨ੍ਹਾਂ ਬੱਚਿਆਂ ਨੂੰ ਆਪਣੇ ਪਾਸ ਲੈ ਜਾਣ ਲਈ ਕਿਹਾ ਅਤੇ ਨਾਲ ਹੀ ਇਹ ਭੀ ਚਿਤਾਇਆ ਕਿ ਤੇਰੇ ਬੱਚੇ ਭੀ ਤਾਂ ਗੁਰੂ ਨਾਲ ਲੜਦੇ ਹੋਏ ਹੀ ਮਾਰੇ ਗਏ ਹਨ, ਤੂੰ ਉਹਨਾਂ ਦਾ ਬਦਲਾ ਗੁਰੂ ਦੇ ਬੱਚਿਆਂ ਪਾਸੋਂ ਕਿਉਂ ਨਹੀਂ ਲੈਂਦਾ? ਪ੍ਰੰਤੂ ਮਲੇਰ-ਕੋਟਲੀਏ ਸ਼ੇਰ ਮੁਹੰਮਦ ਖਾਂ ਨੇ ਕਿਹਾ ਕਿ ਲੜਾਈ ਵਿਚ ਮਾਰੇ ਗਏ ਜਵਾਨ ਪੁੱਤਰਾਂ ਦਾ ਬਦਲਾ ਮਾਸੂਮ ਅੰਞਾਣੇ ਬਾਲਾਂ ਦੀ ਗਰਦਨ ਤੇ ਤਲਵਾਰ ਰਖਣ ਨਾਲ ਨਹੀਂ ਲਿਆ ਜਾਂਦਾ। ਅਜਿਹਾ ਕਰਨਾ ਕਾਇਰਾਂ ਤੇ ਗੀਦੀਆਂ ਦਾ ਕੰਮ ਹੈ। ਮੈਂ ਬਦਲਾ ਲੈਣਾ ਹੋਵੇਗਾ ਤਾਂ ਗੁਰੂ ਨਾਲ ਸਨਮੁਖ ਲੜ ਕੇ ਲਵਾਂਗਾ।''

ਸ਼ੇਰ ਮੁਹੰਮਦ ਖਾਂ ਦੀਆਂ ਇਨ੍ਹਾਂ ਗੱਲਾਂ ਦਾ ਨਵਾਬ ਸਰਹਿੰਦ ਦੇ ਮਨ ਤੇ ਡੂੰਘਾ ਅਸਰ ਹੋਇਆ ਜਾਪਦਾ ਪ੍ਰੰਤੂ ਹੁਣ ਦੀਵਾਨ ਸੁੱਚਾ ਨੰਦ ਉਠ ਖੜਾ ਹੋਇਆ ਅਤੇ ਨਵਾਬ ਨੂੰ ਸੰਬੋਧਨ ਕਰ ਕੇ ਬੋਲਿਆ, ''ਹਜ਼ੂਰ, ਸੱਪਾਂ ਨੂੰ ਮਾਰਨਾ ਅਤੇ ਸਪੋਲੀਆਂ ਨੂੰ ਛਡ ਦੇਣਾਂ ਕਿਧਰ ਦੀ ਸਿਆਣਪ ਹੈ? ਭੇੜੀਏ ਦੇ ਪੁੱਤਰ ਹਮੇਸ਼ਾ ਭੇੜੀਏ ਹੀ ਹੋਣਗੇ। ਉਨ੍ਹਾਂ ਤੋਂ ਕਿਸੇ ਭਲੇ ਦੀ ਆਸ ਰਖਣੀ ਅੰਞਾਣਪੁਣਾ ਹੈ। ਸੂਬਾ ਇਸ ਤਰ੍ਹਾਂ ਦੇ ਵੱਖੋ-ਵੱਖ ਖ਼ਿਆਲ ਸੁਣ ਕੇ ਦੁਚਿੱਤਾ ਹੋ ਚੁਕਾ ਸੀ, ਅਤੇ ਹੁਣ ਸੂਚਾ ਨੰਦ ਦੀ ਗੱਲ ਸੁਣਨ ਤੇ ਕੁਝ ਛਿੱਥਾ ਜਿਹਾ ਪੈ ਕੇ ਬੋਲ ਉਠਿਆ, ''ਕੀ ਮੇਰੇ ਦਰਬਾਰ ਵਿਚ ਕੋਈ ਪਠਾਣ ਬੱਚਾ ਨਹੀਂ, ਜੋ ਇਨ੍ਹਾਂ ਮੂਜ਼ੀਆਂ ਤੋਂ ਮੇਰਾ ਪਿੱਛਾ ਛੁੜਾਵੇ?" ਨਵਾਬ ਦਾ ਇਹ ਕਹਿਣਾ ਸੀ ਕਿ ਉਸੇ ਵੇਲੇ ਸਮਾਣੇ ਦੇ ਰਹਿਣ ਵਾਲੇ ਦੋ ਪਠਾਣ ਭਰਾ ਸਾਸ਼ਲ ਬੇਗ ਅਤੇ ਵਾਸ਼ਲ ਬੇਗ ਗੁੱਸਾ ਖਾ ਕੇ ਉਠੇ ਅਤੇ ਇਕ ਨੇ ਸਾਹਿਬ ਜ਼ੋਰਾਵਰ ਸਿੰਘ ਨੂੰ ਅਤੇ ਦੂਜੇ ਨੇ ਸਾਹਿਬ ਫਤਹ ਸਿੰਘ ਨੂੰ ਜ਼ਮੀਨ ਉਤੇ ਪਟਕਾ ਮਾਰਿਆ ਅਤੇ ਉਨ੍ਹਾਂ ਦੇ ਸੀਨਿਆਂ ਉਤੇ ਆਪਣੇ ਗੋਡੇ ਟੇਕ ਕੇ ਇਕ ਹੱਥ ਨਾਲ ਸਾਹਿਬਜ਼ਾਦਿਆਂ ਦੇ ਸਿਰਾਂ ਨੂੰ ਜ਼ਮੀਨ ਉੱਤੇ ਦਬਾ ਰਖਿਆ ਅਤੇ ਦੂਜੇ ਹੱਥ ਛੁਰਾ ਫੜ ਬੱਚਿਆਂ ਦੀਆਂ ਕੋਮਲ ਗਰਦਨਾਂ ਤੇ ਐਉਂ ਫੇਰਿਆ ਜਿਵੇਂ ਮੁਸਲਮਾਨ ਲੋਕ ਭੇਡ ਬਕਰਾ ਜ਼ਿਬਹ ਕਰਨ ਲਈ ਉਹਨਾਂ ਦੀਆਂ ਗਰਦਨਾਂ ਤੇ ਛੁਰੀ ਫੇਰਦੇ ਹਨ ਅਤੇ ਇਸ ਤਰ੍ਹਾਂ ਪਲੋ ਪਲੀ ਅੰਦਰ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ।

ਜਿਸ ਥਾਉਂ ਇਹ ਭਾਣਾ ਵਰਤਿਆ, ਉਥੋਂ ਸਾਹਿਬਜ਼ਾਦਿਆਂ ਦਾ ਸ਼ਹੀਦ ਅਸਥਾਨ ਗੁਰਦੁਆਰਾ ਫਤਹਗੜ੍ਹ ਸਾਹਿਬ ਬਣਿਆ ਹੋਇਆ ਹੈ। ਇਸ ਦੇ ਦਰਸ਼ਨ ਤੋਂ ਸਾਹਿਬ ਜ਼ੋਰਾਵਰ ਸਿੰਘ ਅਤੇ ਸਾਹਿਬ ਫਤਹ ਸਿੰਘ ਦੀ ਅਦੁੱਤੀ ਸ਼ਹੀਦੀ ਦੀ ਚਿਤਾਉਣੀ ਮਿਲਦੀ ਹੈ। ਇਸ ਦੇ ਪਾਸ ਹੀ ਠੰਢੇ ਬੁਰਜ ਵਾਲੇ ਥਾਉਂ ਮਾਤਾ ਗੁਜਰੀ ਜੀ ਦੀ ਯਾਦ ਵਿਚ ਗੁਰਦੁਆਰਾ ਹੈ। ਇਹ ਅਸਥਾਨ ਪਟਿਆਲੇ ਤੋਂ ਵੀਹ ਬਾਈ ਮੀਲ ਦੀ ਵਿੱਥ ਤੇ ਬੱਸੀ ਪਠਾਣਾਂ ਨੂੰ ਜਾਣ ਵਾਲੀ ਪੱਕੀ ਸੜਕ ਉਤੇ ਸਰਹਿੰਦ ਅਤੇ ਬੱਸੀ ਦੇ ਵਿਚਾਲੇ ਵਾਕਿਆ ਹੈ।

ਬੱਚਿਓ! ਜ਼ਰਾ ਵਿਚਾਰ ਕਿ ਗੁਰੂ ਗੋਬਿੰਦ ਸਿੰਘ ਜੀ

***(ਬਾਕੀ ਪੰਨਾ 16 'ਤੇ)***

# ਭਗਉਤੀ ਪਦ ਦਾ ਤੱਤ ਗੁਰਮਤਿ ਨਿਰਣਾ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]*

ਸ੍ਰੀ ਦਸਮੇਸ਼ ਜੀ ਨੇ ਅਕਾਲ ਪੁਰਖ ਜੀ ਨੂੰ ਅਨੇਕਾਂ ਖੰਡੇ-ਖੜਗੇਸ਼ੀ, ਤੇਜ ਪ੍ਰਤਾਪੀ, ਤੇਜੱਸਵੀ ਨਾਵਾਂ ਨਾਲ ਸੰਬੋਧਤ ਕੀਤਾ ਹੈ। ਜੈਸਾ ਕਿ -

ਅਸਿ ਧੁਜ ਜੀ, ਸ੍ਰੀ ਕਾਲ ਜੀ, ਖੜਗ ਕੇਤ ਜੀ, ਅਸਿਪਾਨ ਜੀ, ਖੜਗੇਸ਼ ਜੀ, ਮਹਾਂ ਕਾਲ ਜੀ ਆਦਿਕ ਅਨੇਕਾਂ ਨਾਮ ਸ੍ਰੀ ਦਸਮੇਸ਼ ਮੁਖਵਾਕ ਬਾਣੀ ਵਚਿੱਤ੍ਰ ਨਾਟਕ ਵਿਖੇ ਆਉਂਦੇ ਹਨ ਅਤੇ ਕਿਤੇ ਵੀ ਦੇਵੀ ਦੇ ਅਰਥਾਂ ਵਿਚ 'ਭਗਉਤੀ ਪਦ ਨੂੰ ਨਹੀਂ ਵਰਤਿਆ। ਸ੍ਰੀ ਅਕਾਲ ਪੁਰਖ ਜੀ ਖੜਗਕੇਤ ਪਾਸੋਂ, ਖੰਡੇ-ਖੜਗੇਜੀ ਨਾਮ ਦੀ ਦੀਖਿਆ ਲੈ ਕੇ ਜਦੋਂ ਦੁਰਗਾਂ ਨੇ ਹੱਥ ਵਿਚ ਭਗਉੜੀ (ਸ੍ਰੀ ਸਾਹਿਬ) ਫੜੀ ਤਾਂ ਸਰਬੱਤ੍ਰ ਦੈਂਤਾਂ ਰਾਖਸ਼ਾਂ ਚਾ ਦਾਹ (ਨਾਸ਼) ਹੋਇਆ। ਜੈਸਾ ਕਿ -

*ਤੈਂ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸੁ ਕਰਾਇਆ॥੧॥*
*ਚੰਡੀ ਦੀ ਵਾਰ, ਪਾ: ੧੦*

ਰੂਪੀ ਸ੍ਰੀ ਗੁਰੂ ਦਸਮੇਸ਼ ਮੁਖਵਾਕ ਵਿਖੇ ਵਰਨਣ ਹੈ। ਅਕਾਲ ਪੁਰਖ ਜਿਸ ਨੂੰ ਬਲ ਬਖਸ਼ੇ ਤੇ ਆਪਨਾ ਤੇਜੱਸਵੀ ਬਲ ਪ੍ਰਦਾਨ ਕਰੇ, ਓਸੇ ਤੋਂ ਹੀ ਦੁਸ਼ਟਾਂ ਦੈਂਤਾਂ ਦੇ ਵਿਨਾਸ਼ ਕਰਨ ਦੀ ਸੇਵਾ ਲੈ ਸਕਦਾ ਹੈ। ਐਥੋਂ ਤਾਈਂ ਕਿ -

*ਨੀਕੀ ਕੀਰੀ ਮਹਿ ਕਲ ਰਾਖੈ॥*
*ਭਸਮ ਕਰੈ ਲਸਕਰ ਕੋਟਿ ਲਾਖੈ॥੫॥੧੨*
*ਅੰਗ - ੨੮੫*

ਗੁਰਵਾਕ ਦੇ ਭਾਵ ਅਨੁਸਾਰ ਕਲਾਧਾਰੀ ਅਕਾਲ ਪੁਰਖ ਜੋ ਨਿੱਕੀ ਜਿਹੀ ਕੀੜੀ ਨੂੰ ਬਲ ਪ੍ਰਦਾਨ ਕਰੇ ਤਾਂ ਉਸ ਕੀੜੀ ਵਿਚ ਕਲਾ-ਕ੍ਰਿਸ਼ਮੀ ਤੇਜੱਸਵੀ ਬਲ ਪਾ ਕੇ, ਉਸੇ ਕੀੜੀ ਪਾਸੋਂ ਲੱਖਾਂ ਕਰੋੜਾਂ ਦੂਤੀ ਲਸ਼ਕਰਾਂ ਨੂੰ ਫ਼ਨਾਹ ਤੇ ਭਸਮ ਕਰਾ ਸਕਦਾ ਹੈ।

ਦੁਰਗਾ ਨੂੰ ਮਹਿਜ਼ ਇਕ ਤ੍ਰੀਮਤ ਮਤ ਖ਼ਿਆਲ ਕਰੋ, ਦੇਵੀ ਮਤ ਖਿਆਲ ਕਰੋ, ਉਸ ਅੰਦਰ ਅਕਾਲ ਪੁਰਖ ਨੇ ਕਲਾ-ਕ੍ਰਿਸ਼ਮੀ ਤੋਂ ਆਕ੍ਰਖਣੀ ਬਲ ਪਾਇਆ ਤਾਂ ਅਨੇਕਾਂ ਸਮੂਹ ਦੈਤਾਂ ਦਾ ਨਾਸ਼ ਕਰਾਇਆ। ਇਸ ਕਲਾ-ਕ੍ਰਿਸਮੀ ਬਲ ਬਿਹੂਣ ਤੇ ਖੜਗ-ਪ੍ਰਤਾਪੀ-ਦੀਖਿਆ ਹੀਣ ਭਾਵੇਂ ਲੱਖ ਕੋਟਿ ਖੂਹਣੀਆਂ ਦੇ ਲਸ਼ਕਰਾਂ ਚੋਂ ਲਸ਼ਕਰ ਹੋਣ, ਉਹਨਾਂ ਤੋਂ ਕੁਝ ਵੀ ਨਹੀਂ ਸੌਰ ਸਕਦਾ। ਭਾਵੇਂ ਅਜਿਹੇ ਨਿਗੁਰੇ, ਗੁਰ-ਦੀਖਿਆ-ਹੀਣ ਲਸ਼ਕਰਾਂ ਦੇ ਸਮੱਗਰ ਨਿਪੁੰਸਕ ਅਖੌਤੀ ਜੋਧਿਆਂ ਦੇ ਹੱਥਾਂ ਵਿਚ ਤਲਵਾਰਾਂ ਕਿਉਂ ਨਾ ਫੜਾਈਆਂ ਜਾਣ। ਇਹੋ ਹੈ ਜੀ ਖਾਲਸਾ ਵਰੋਸਾਏ ਗਏ ਅਤੇ ਹੁਣ ਵੀ ਵਰੋਸਾਏ ਜਾ ਰਹੇ ਹਨ, ਕਿਉਂਕਿ ਉਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਸੀ ਤੇ ਛਕਿਆ ਹੋਇਆ ਹੁੰਦਾ ਹੈ। ਬਿਨਾਂ ਤਿਸ ਖੰਡੇਧਾਰ ਪਾਹੁਲ ਛਕੇ ਦੇ, ਖੰਡੇ-ਖੜਗੇਸ਼ੀ ਗੁਰ-ਦੀਖਿਆ ਲਏ ਦੇ, ਇਹ ਸ੍ਰੀ ਸਾਹਿਬ ਰੂਪੀ ਤਲਵਾਰ ਯੁੱਧ ਵਿਖੇ ਕਿਸੇ ਦੇ ਕੰਮ ਨਹੀਂ ਆ ਸਕਦੀ। ਜਿਨ੍ਹਾਂ ਨੂੰ ਖੰਡੇ ਪ੍ਰਤਾਪੀ ਸ੍ਰੀ ਸਾਹਿਬ ਦਾ ਸਨਮਾਨ ਤੇ ਗੁਰਮਤਿ ਸਤਿਕਾਰ ਹੈ, ਉਨ੍ਹਾਂ ਦੇ ਹੱਥਾਂ ਵਿਚ ਆਇਆਂ ਹੀ ਸ੍ਰੀ ਸਾਹਿਬ ਸੱਚਾ ਸ਼ੋਭਨੀਕ ਖੰਡੇਧਾਰ ਵਾਹ ਦਾਹ ਦਾ ਕੰਮ ਲੈ ਸਕਦੀ ਹੈ। ਸ੍ਰੀ ਦਸਮੇਸ਼ ਜੀ ਨੇ ਇਸੇ ਕਰਕੇ ਹੀ ਇਹ ਸ੍ਰੀ ਮੁਖਵਾਕ ਉਚਾਰਨ ਕੀਤੇ ਹਨ -

*ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥*
*ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥੩॥*
*ਸ਼ਸਤ੍ਰਨਾਮ ਮਾਲਾ, ਦਸਮ ਗ੍ਰੰਥ*

ਸੋ ਸ੍ਰੀ ਦਸਮੇਸ਼ ਜੀ ਨੇ ਸਮੂਹ ਸ਼ਸਤਰਾਂ ਦਾ ਯਥਾ ਜੋਗ ਸਨਮਾਨ ਸਤਿਕਾਰ ਐਥੋਂ ਤਕ ਕੀਤਾ ਹੈ ਕਿ ਸ਼ਸਤਰਾਂ ਨੂੰ ਪੀਰ ਕਰਕੇ ਪੂਜਣ ਦੀ ਸਿੱਖਿਆ ਦਿੱਤੀ ਹੈ। ਪਰ ਇਸ ਦਾ ਅਰਥ ਇਹ ਹਰਗਿਜ਼ ਨਹੀਂ ਜੈਸੇ ਕਿ ਅੱਜ

ਕਲੂ ਦੇ ਧੁਰ ਤੋਂ ਬਿਗੜੇ ਹੋਏ ਹਿੰਦੂ ਖ਼ਿਆਲਾਂ ਵਾਲੇ ਲਹੂ ਦਾ ਤਿਲਕ ਸ਼ਸਤਰਾਂ ਨੂੰ ਲਾ ਕੇ ਪੂਜਦੇ ਹਨ। ਇਹ ਉਨ੍ਹਾਂ ਦੀ ਨਿਰੀ ਮਨਮਤਿ ਹੈ।

ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਤੇਜ ਪ੍ਰਤਾਪੀ ਸ਼ਸਤਰ ਸਨਮਾਨਕ ਖੜਗਧਾਰੀ ਸਿੰਘਾਂ ਦੇ ਹੱਥਾਂ ਵਿਚ ਆਈ ਤਲਵਾਰ ਹੀ ਸੱਚੀ ਭਗਉਤੀ (ਸ੍ਰੀ ਸਾਹਿਬ) ਦਾ ਕੰਮ ਦੇ ਸਕਦੀ ਹੈ। ਸ੍ਰੀ ਅਕਾਲ ਪੁਰਖ-ਖੜਗਕੇਤ ਦੀ ਬਖਸ਼ੀ ਹੋਈ ਖੰਡਾ-ਖੜਗੇਸ਼ੀ-ਕਲਾ ਦਾ ਨਾਮ ਹੀ ਭਗਉਤੀ ਹੈ। ਭਗਉਤੀ ਦੇ ਅਰਥ ਦੇਵੀ ਦੇ ਕਰਨੇ ਨਿਰੇ ਮਨਮਤੀ ਅਗਿਆਨੀ ਪੁਰਸ਼ਾਂ ਦਾ ਕੰਮ ਹੈ। 'ਲਈ ਭਗਉਤੀ ਦੁਰਗਸ਼ਾਹ' ਦੇ ਅਰਥ ਹਰਗਿਜ਼ ਇਹ ਨਹੀਂ ਹੋ ਸਕਦੇ ਕਿ ਦੁਰਗਾ ਰੂਪੀ ਦੇਵੀ ਨੇ ਹੱਥ ਵਿਚ ਦੇਵੀ ਫੜੀ। ਤਾਂ ਤੇ ਇਹ ਸਿੱਧ ਹੋਇਆ ਕਿ ਸ੍ਰੀ ਦਸਮੇਸ਼ ਜੀ ਨੇ ਕਿਤੇ ਵੀ ਭਗਉਤੀ ਦੇ ਅਰਥ ਦੇਵੀ ਦੇ ਨਹੀਂ ਕੀਤੇ। ਇਹ ਨਿਰੇ ਮਨਮਤੀ ਅਗਿਆਨੀਆਂ ਦੀ ਕਾਢ ਹੈ।

ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿੱਤ ਮੈ ਜੁੱਧ ਬਿਚਾਰੈ॥ ਕ੍ਰਿਸ਼ਨਅਵਤਾਰ, ੨੪੯੨-੧ ਵਾਲੇ ਕਲਾਧਾਰੀ ਖਾਲਸਾ ਜੀ ਦੇ ਹੱਥਾਂ ਵਿਚ ਹੀ ਇਹ ਭਗਉਤੀ ਸ੍ਰੀ ਸਾਹਿਬ ਹੋ ਕੇ ਸੋਂਹਦੀ ਹੈ। ਸਿਰਾਂ ਧੜਾਂ ਦੀ ਬਾਜ਼ੀ ਲਾਉਣ ਵਾਲੇ ਸ੍ਰੀ ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤ-ਪਾਨੀ-ਸਿੰਘ ਹੀ ਭਗਉਤੀ ਪਦ ਦੇ ਇਨ੍ਹਾਂ ਕ੍ਰਿਸ਼ਮਕ ਅਰਥਾਂ ਨੂੰ ਜਾਣ ਸਕਦੇ ਹਨ, ਹੋਰਨਾਂ ਨੂੰ ਕੀ ਸੂਝ ਹੈ?

ਮੂੜ ਅਗਿਆਨੀ, ਜੋ ਗੁਰਮਤਿ ਬਾਣੀ ਦੇ ਤੱਤ ਅਰਥਾਂ ਤੋਂ ਅਗਿਆਤ ਹਨ, ਉਹ ਤਾਂ ਸ੍ਰੀ ਦਸਮੇਸ਼ ਜੀ ਦੇ ਇਸ ਮੁੱਖਵਾਕ 'ਮਹਾ ਕਾਲ ਕਾਲਕਾ ਅਰਾਧੀ' ਦੇ ਅਰਥ ਵੀ ਇਸ ਪ੍ਰਕਾਰ ਅਰਥਾਉਂਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ 'ਮਹਾ ਕਾਲ' ਤੇ 'ਕਾਲਕਾ ਦੇਵੀ' ਦਾ ਅਰਾਧਨ ਕੀਤਾ। ਹਾਲਾਂਕਿ ਤੱਤ ਗੁਰਮਤਿ ਅਰਥ ਇਹ ਹਨ ਕਿ ਸ੍ਰੀ ਦਸਮੇਸ਼ ਜੀ ਨੇ ਮਹਾਂ ਕਾਲ ਰੂਪੀ ਕਾਲਕਾ ਨੂੰ ਅਰਾਧਨ ਕੀਤਾ। ਮਹਾਂ ਕਾਲ (ਅਕਾਲ ਪੁਰਖ) ਹੀ ਸ੍ਰੀ ਦਸਮੇਸ਼ ਜੀ ਦੇ ਨਿਕਟ ਸਭ ਕੁਛ ਸੀ। ਕਾਲ ਕਾ ਭੀ ਮਹਾਂ ਕਾਲ (ਅਕਾਲ ਪੁਰਖ) ਸੀ। ਇਸੇ ਤਰ੍ਹਾਂ 'ਮਹਾਂ ਕਾਲ ਰਖਵਾਰ ਹਮਾਰੋ' ਵਿਚ ਵੀ ਮਹਾਂ ਕਾਲ ਦਾ ਅਰਥ ਅਕਾਲ ਪੁਰਖ ਹੀ ਹੈ।

ਇਸ ਪ੍ਰਕਾਰ ਸ੍ਰੀ ਦਸਮੇਸ਼ ਜੀ ਦੇ ਅਰਥਾਂ ਵਿਚ 'ਭਗਉਤੀ' ਪਦ ਮਹਾਕਾਲ (ਅਕਾਲ ਪੁਰਖ) ਦੇ ਅਰਥਾਂ ਵਿਚ ਘਟਦਾ ਹੈ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥਾਂ ਅਨੁਸਾਰ 'ਕਾਲਕਾ' ਪਦ ਨੂੰ 'ਮਹਾਕਾਲ' ਪਦ ਤੋਂ ਵਖਰਾ ਅਰਥਾਇਆ ਜਾਵੇ ਅਤੇ ਇਉਂ ਅਰਥ ਕੀਤੇ ਜਾਣ ਕਿ ਮਹਾਂ ਕਾਲ ਤੇ ਕਾਲਕਾ ਦੋਹਾਂ ਦਾ ਸ੍ਰੀ ਗੁਰੂ ਦਸਮੇਸ਼ ਜੀ ਨੇ ਅਰਾਧਨ ਕੀਤਾ ਤਾਂ ਸ੍ਰੀ ਗੁਰੂ ਦਸਮੇਸ਼ ਜੀ ਦਾ ਨਾਲ ਲਗਦਾ ਹੀ ਅਗਲਾ ਸ੍ਰੀ ਮੁਖਵਾਕ ਪਦ ਪੰਗਤਾ ਇਨ੍ਹਾਂ ਮਹਾਂ ਅਗਿਆਨੀਆਂ ਦੇ ਮੂੰਹ ਉੱਤੇ ਬੜੀ ਕਸਵੀਂ ਚਪੇੜ ਲਾਉਂਦਾ ਹੈ। ਉਹ ਅਗਲਾ ਪੰਗਤਾ ਇਉਂ ਹੈ -

***ਦ੍ਵੈ ਤੇ ਏਕ ਰੂਪ ਹ੍ਵੈ ਗਯੋ॥੩॥***

***ਬਚਿਤ੍ਰ ਨਾਟਕ, ਅਧਿਆਇ ੬***

ਭਾਵ-ਅਰਥ ਇਹ ਕਿ ਸ੍ਰੀ ਗੁਰੂ ਦਸਮੇਸ਼ ਜੀ ਉਚਾਰਦੇ ਹਨ ਕਿ ਅਸੀਂ ਅਕਾਲ ਪੁਰਖ਼ ਦੀ ਐਸੀ ਅਰਾਧਨਾ ਕੀਤੀ ਕਿ ਮੈਂ ਤੇ ਅਕਾਲ ਪੁਰਖ ਦੋਇ ਰੂਪਾਂ ਤੋਂ ਇਕ ਰੂਪ ਵਿਚ ਹੋ ਗਏ। ਅਰਥਾਤ ਅਸੀਂ ਅਕਾਲ ਪੁਰਖ ਦੇ ਰੂਪ ਵਿਚ ਸਮਾਂ ਕੇ ਇਕ ਰੂਪ ਹੀ ਹੋ ਗਏ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥ ਹੀ ਠੀਕ ਸਮਝੇ ਜਾਣ ਤਾਂ ਇਹ ਅਗਲਾ ਪੰਗਤਾ 'ਦ੍ਵੈ ਤੇ ਏਕ ਰੂਪ' ਦੇ ਠਾਉਂ 'ਤ੍ਰੈ ਤੇ ਏਕ ਰੂਪ ਹ੍ਵੈ ਗਇਓ' ਚਾਹੀਦਾ ਸੀ, ਕਿਉਂਕਿ ਅਗਿਆਨੀਆਂ ਦੇ ਭਾਵ ਅਨੁਸਾਰ 'ਮਹਾ ਕਾਲ' ਦੇ ਨਾਲ 'ਕਾਲਕਾ' ਵੀ ਅਰਾਧਨੀ ਸਿੱਧ ਹੁੰਦੀ ਹੈ। 'ਮਹਾਕਾਲ' ਤੇ 'ਕਾਲਕਾ' ਦੇ ਸਰੂਪ ਇਹ ਹੋਏ ਵੱਖ ਵੱਖ, ਤਾਜ਼ਾ ਸਰੂਪ ਅਰਾਧਨਹਾਰੇ ਦਾ ਹੋਇਆ, ਤਾਂ ਤੇ 'ਤ੍ਰੈ ਤੇ ਏਕ ਰੂਪ ਹ੍ਵੈ ਗਇਓ' ਪੰਗਤਾ ਹੀ ਉਨ੍ਹਾਂ ਅਗਿਆਨੀਆਂ ਦੇ ਅਰਥਾਂ ਅਨੁਸਾਰ ਸਿੱਧ ਹੁੰਦਾ। ਪ੍ਰੰਤੂ ਉਥੇ ਸ੍ਰੀ ਮੁਖਵਾਕ ਅੰਦਰ ਸਪੱਸ਼ਟ ਤੌਰ ਤੇ ''ਦ੍ਵੈ ਤੇ ਏਕ ਰੂਪ ਹ੍ਵੈ ਗਯੋ' ਹੀ ਸ਼ੁੱਧ ਪੰਗਤਾ ਹੈ। ਇਸੇ ਤਰ੍ਹਾਂ ਇਨ੍ਹਾਂ ਮਹਾਂ ਅਗਿਆਨੀਆਂ ਦੀ ਕਬੁਧਿ ਅਤੇ ਕੁਸਮਝ ਅਨੁਸਾਰ ਸ੍ਰੀ ਦਸਮੇਸ਼ ਜੀ ਦੀ ਉਚਾਰਨ ਕੀਤੀ ਵਾਰ ਵਿਚ 'ਭਗਉਤੀ ਪਦ ਦੇ ਅਰਥਾਂ ਦਾ ਮੁਗਾਲਤਾ ਹੈ। ਸਾਰੀ ਗੁਰਬਾਣੀ ਤਾਂ ਇੱਕ ਅਕਾਲ ਪੁਰਖ ਦੀ ਉਪਾਸ਼ਨਾ ਹੀ ਦ੍ਰਿੜਾਉਂਦੀ ਹੈ। ਯਥਾ ਗੁਰਵਾਕ -

***ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥***
***ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥***
***ਤੂੰ ਮੇਰਾ ਰਾਖਾ ਸਭਨੀ ਥਾਈ***
***ਤਾ ਭਉ ਕੇਹਾ ਕਾੜਾ ਜੀਉ॥੧॥੩੧॥ ਅੰਗ - ੧੦੩***

ਭਾਵ, ਅਕਾਲ ਪੁਰਖ (ਵਾਹਿਗੁਰੂ) ਹੀ ਸਾਡਾ ਪਿਤਾ-ਮਾਤਾ ਹੈ। ਉਹ ਹੀ ਅਸਾਡਾ ਬੰਧਪ-ਭਾਈ ਹੈ। ਅਕਾਲ ਪੁਰਖ ਹੀ ਸਾਡਾ ਸਭ ਥਾਈਂ ਰਾਖਾ ਹੈ। ਤਾਂ ਤੇ ਕਿਸੇ ਪ੍ਰਕਾਰ ਦਾ ਭੈ ਜਾਂ ਡਰ ਸਾਨੂੰ ਨਹੀਂ ਹੈ।

ਜੋ ਕੋਈ ਮਹਾ ਅਗਿਆਨੀ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਦੇ ਅਰਥ ਇਉਂ ਅਰਥਾਵੇ ਕਿ ਅਕਾਲ ਪੁਰਖ ਅਸਾਡਾ ਪਿਤਾ ਹੈ ਤੇ 'ਕਾਲਕਾ' ਸਾਡੀ ਮਾਤਾ ਹੈ, ਇਹ ਉਸ ਦੀ ਬਿਲਕੁਲ ਮੂੜ੍ਹ ਮਤਿ ਹੋਵੇਗੀ। ਇਸੇ ਪ੍ਰਕਾਰ ਹੀ ਅਜਿਹੇ ਮੂੜ ਅਗਿਆਨੀ ਸੀ ਬਾਵਨ ਅਖਰੀ ਬਾਣੀ ਦੇ ਆਦਿ ਅੰਤ ਵਿਚ ਆਏ ਇਸ ਸਲੋਕ ਦਾ ਵੀ ਕੋਝੀ ਮਨਮਤਿ ਭਰਿਆ ਅਰਥ ਕਰ ਲੈਂਦੇ ਹਨ। ਯਥਾ –

*ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥*

ਉਨ੍ਹਾਂ ਦੇ ਕੋਝੇ ਭਾਵ ਅੰਦਰ ਮਾਤਾ ਨੂੰ ਵੀ ਉਹ ਗੁਰਦੇਵ ਕਰਕੇ ਅਰਥਾਉਂਦੇ ਹਨ ਅਤੇ ਪਿਤਾ ਨੂੰ ਵੀ ਗੁਰਦੇਵ ਹੀ ਦਸਦੇ ਹਨ। ਹਾਲਾਂਕਿ ਗੁਰਮਤਿ ਦੇ ਤੱਤ ਭਾਵ ਅਨੁਸਾਰ ਅਸਲ ਅਰਥ ਇਹ ਹਨ ਕਿ ਗੁਰਦੇਵ (ਵਾਹਿਗੁਰੂ) ਹੀ ਸਾਡਾ ਮਾਤਾ ਤੇ ਪਿਤਾ ਹੈ। ਗੁਰਮਤਿ ਅਨੁਸਾਰ ਸਪੱਸ਼ਟ ਤੌਰ ਤੇ 'ਸਭਿ ਨਾਦ ਬੇਦ ਗੁਰਬਾਣੀ॥ ਮਨੁ ਰਾਤਾ ਸਾਰਿਗਪਾਣੀ' ਸੁਤੇ ਸਿਧ ਅਰਥਾਂ ਵਿੱਚ ਐਨ ਓਵੇਂ ਹੀ ਵਿੱਦਤਾਇਆ ਗਿਆ ਹੈ ਜਿਸ ਪ੍ਰਕਾਰ ਕਿ ਸ੍ਰੀ ਜਪੁਜੀ ਸਾਹਿਬ ਦੀ ਬਾਣੀ ਅੰਦਰ –

*ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥*
*ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥*
*ਜਪੁਜੀ, ਪਉੜੀ ੫*

ਸਪੱਸ਼ਟ ਅਰਥਾਂ ਵਿੱਚ ਇਹ ਭਾਵ ਰੱਖਦਾ ਹੈ ਕਿ ਗੁਰਮੁਖ (ਵਾਹਿਗੁਰੂ) ਹੀ ਸਾਡਾ ਨਾਦ ਹੈ, ਗੁਰਮੁਖ ਹੀ ਸਾਡਾ ਵੇਦ ਹੈ। ਗੁਰਮੁਖ (ਵਾਹਿਗੁਰੂ) ਹੀ ਸਾਰੇ ਸਮਾ ਰਿਹਾ ਹੈ। ਗੁਰਮੁਖ (ਵਾਹਿਗੁਰੂ) ਹੀ ਸਾਡਾ ਗੁਰਸਿੱਖਾਂ ਦਾ ਵਿਸ਼ਨੂੰ ਦੇਵਤਾ ਹੈ। ਵਾਹਿਗੁਰੂ ਹੀ ਸਾਡਾ ਗੁਰਸਿੱਖਾਂ ਦੇ ਨਜ਼ਦੀਕ ਈਸ਼ਰ ਹੈ, ਬਰਮਾ ਹੈ। ਗੁਰੂ (ਵਾਹਿਗੁਰੂ) ਹੀ ਗੁਰਸਿੱਖਾਂ ਦੇ ਭਾ ਦੀ ਮਾਤਾ ਲੱਛਮੀ ਹੈ। ਭਾਵ, ਵਾਹਿਗੁਰੂ ਤੋਂ ਬਿਨਾਂ ਗੁਰਸਿੱਖਾਂ ਦੇ ਨਜ਼ਦੀਕ ਕੋਈ ਹੋਰ ਮਾਤਾ ਨਹੀਂ ਅਤੇ ਹੋਰ ਕੋਈ ਗੋਰਖ ਨਹੀਂ, ਬਰਮਾ ਨਹੀਂ, ਨਾ ਹੀ ਕੋਈ ਈਸ਼ਰ ਹੈ। ਗੁਰਸਿੱਖ ਤਾਂ ਕੇਵਲ ਵਾਹਿਗੁਰੂ ਦੇ ਹੀ ਅਨਿੰਨ ਉਪਾਸ਼ਕ ਹਨ। ਜੇ ਕੋਈ ਮੁੜ ਅਗਿਆਨੀ ਇਸ ਗੁਰਵਾਕ ਵਿੱਚੋਂ ਇਹ ਕੁੱਝ ਅਰਥ ਕੱਢ ਲਵੇ ਕਿ ਪਾਰਬਤੀ (ਪੱਛਮੀ) ਸਾਡੀ ਮਾਤਾ ਹੈ ਤੇ ਇਸ ਮਾਤਾ ਦੀ ਉਪਾਸ਼ਨਾ ਦਾ ਵਿਧਾਨ ਗੁਰਮਤਿ ਅੰਦਰ ਦਰਸਾਇਆ ਗਿਆ ਹੈ ਤਾਂ ਉਸ ਮੂਰਖ ਮੂੜ ਅਗਿਆਨੀ ਦੀ ਮਹਾਂ ਦੁਰਮਤਿ ਅਗਿਆਨ ਭਰੀ ਵਿਚਾਰ ਸਿੱਧ ਹੋਵੇਗੀ।

ਤ੍ਰੈ ਗੁਣੀ ਮਾਇਆ ਦਾ ਸੰਕੇਤਕ ਨਾਮ ਗੁਰਮਤਿ ਅਨੁਸਾਰ 'ਸਕਤਿ' ਹੈ। ਇਸ ਦੇ ਮੁਕਾਬਲੇ ਵਿਚ ਤੁਰੀਆ ਗੁਣੀ ਅਕਾਲ ਪੁਰਖ ਦੀ ਜੋਤਿ ਪ੍ਰਚੰਡ ਚੇਤਨ ਕਲਾ ਦਾ ਸੰਕੇਤਕ ਨਾਮ 'ਸ਼ਿਵ' ਹੈ। ਸ੍ਰੀ ਦਸਮੇਸ਼ ਜੀ ਨੇ ਜਿੱਥੇ ਸ੍ਰੀ ਮੁਖਵਾਕ ਸਵੱਈਆਂ ਵਿਚ 'ਦੇਹ ਸ਼ਿਵਾ ਬਰ ਮੋਹਿ ਇਹੈ' ਅੰਕਤ ਕੀਤਾ ਹੈ, ਇਸ ਪੰਗਤੀ ਵਿਚ ਆਏ 'ਸ਼ਿਵਾ' ਪਦ ਤੋਂ ਭਾਵ ਅਕਾਲ ਪੁਰਖ ਦੀ ਜੋਤਿ ਪ੍ਰਚੰਡਨੀ ਚੇਤੰਨ ਕਲਾ ਤੋਂ ਹੈ। ਸ੍ਰੀ ਗੁਰੂ ਦਸਮੇਸ਼ ਜੀ ਮਹਾਰਾਜ ਫੁਰਮਾਉਂਦੇ ਹਨ – ਹੇ ਜੋਤਿ ਪ੍ਰਚੰਡ ਕਲਾ ਵਾਲੇ, ਚੈਤੰਨ ਕਲਾ ਸੰਪੰਨ ਵਾਹਿਗੁਰੂ, ਮੈਨੂੰ ਇਹ ਬਰ ਦੇਹ! ਇਸ 'ਸ਼ਿਵਾ' ਪਦ ਤੋਂ ਮੂੜ੍ਹ-ਮਤੀਏ ਅੱਗਿਆਨੀ ਪੁਰਸ਼ ਮਹਾਦੇਵ ਦਾ ਅਰਥ ਲਾਉਂਦੇ ਹਨ। ਜੈਸਾ ਕਿ ਰਹਿਰਾਸ ਸਾਹਿਬ ਦੀ ਚੌਪਈ, ਅੰਦਰ ਸ੍ਰੀ ਦਸਮੇਸ਼ ਮੁਖਵਾਕ ਆਉਂਦਾ ਹੈ –

*ਮਹਾ ਦੇਵ ਕੋ ਕਹਤ ਸਦਾ ਸਿਵ॥੧੬॥*
*ਕਬਿਯੋ ਬਾਚ ਬੇਨਤੀ ਚੌਪਈ*

ਇਹ ਪਦ ਭਾਵ-ਖੰਡਨੀ ਆਉਂਦਾ ਹੈ। ਪ੍ਰੰਤ ਸ੍ਰੀ ਦਸਮੇਸ਼ ਸਾਹਿਬ ਜੀ ਦਾ ਇਹ ਭਾਵ ਹਰਗਿਜ਼ ਨਹੀਂ। ਮਹਾਂਦੇਵ ਦੇ ਅਰਥਾਂ ਵਾਲੇ 'ਸ਼ਿਵ' ਪ੍ਰਥਾਇ ਤਾਂ ਇਸੇ ਚੌਪਈ ਅੰਦਰ ਇਉਂ ਅੰਕਤ ਕੀਤਾ ਸ੍ਰੀ ਦਸਮੇਸ਼ ਵਾਕ ਆਉਂਦਾ ਹੈ–

*ਕਾਲ ਪਾਇ ਸ਼ਿਵਜੂ ਅਵਤਰਾ॥੭॥*
*ਕਬਿਯੋ ਬਾਚ ਬੇਨਤੀ ਚੌਪਈ*

ਵਿਸ਼ਨੂੰ, ਬ੍ਰਹਮਾ, ਮਹੇਸ਼ ਸਭ ਕਾਲ ਦੇ ਚੱਕਰ ਅੰਦਰ ਸੱਚੇ ਪਾਤਸ਼ਾਹ ਨੇ ਦੱਸੇ ਹਨ। ਪ੍ਰੰਤੂ 'ਦੇਹ ਸ਼ਿਵਾ ਬਰ ਮੋਹਿ ਇਹੈ' ਵਾਲੀ ਪੰਗਤੀ ਅੰਦਰ ਸ੍ਰੀ ਗੁਰੂ ਸਾਹਿਬ ਜੀ ਦਾ ਭਾਵ 'ਸ਼ਿਵਾ' ਪਦ ਤੋਂ ਚੇਤੰਨ ਸਰੂਪ ਚੰਡ ਅਕਾਲ ਪੁਰਖ ਵਾਹਿਗੁਰੂ ਤੋਂ ਹੈ। 'ਸ਼ਿਵਾ' ਪਦ ਦੇ ਅੱਗੇ ਜੋ ਕੰਨਾ ਹੈ, ਉਹ ਹੋ' ਵਾਲਾ ਦਰਸਾਉਂਦਾ ਹੈ। 'ਸ਼ਿਵਾ' ਪਦ ਤੋਂ ਭਾਵ ਹੇ ਵਾਹਿਗੁਰੂ ਹੈ! ਕਈ ਮੂੜ-ਮੱਤੀਏ ਅਗਿਆਨੀ ਇਸ 'ਸ਼ਿਵਾ' ਪਦ ਦਾ ਭੀ ਦੇਵੀ ਦਾ ਅਰਥ ਸਮਝਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਇੱਥੇ ਵੀ ਦੇਵੀ ਧਿਆਈ ਹੈ, ਦੇਵੀ ਤੋਂ ਵਰ ਮੰਗਿਆ ਹੈ। ਇਸ ਦੀ ਪ੍ਰੌੜ੍ਹਤਾ ਵਿਚ ਇਸੇ ਸਵੱਈਏ ਦੀ ਚੌਥੀ ਸ਼ਤਰ ਵਿਚ ਆਈ ਇਸ ਪੰਗਤੀ ਦੀ ਓਟ ਭਾਵ 'ਜਗ ਮਾਇ' ਪਦ ਤੋਂ ਜਗਤ ਮਾਤਾ ਦੇਵੀ ਦਾ ਹੀ ਲੈਂਦੇ ਹਨ ਮੌਤ ਸਹਿਏ ਸਦਾ ਜਗ ਮਾਇ ਕੱਢਦੇ ਹਨ। ਹਾਲਾਂ ਕਿ ਸ੍ਰੀ ਦਸਮੇਸ਼ ਜੀ ਦਾ ਇਹ ਹਰਗਿਜ਼ ਭਾਵ ਨਹੀਂ।

*(ਬਾਕੀ ਪੰਨਾ 28 'ਤੇ)*

# ਚਾਰ ਸਾਹਿਬਜ਼ਾਦੇ

*[ਪ੍ਰੋਫੈਸਰ ਪਿਆਰਾ ਸਿੰਘ ਜੀ 'ਪਦਮ']*

ਅਸੀਂ ਚਾਰੇ ਸਾਹਿਬਜ਼ਾਦਿਆਂ ਦੀ ਵਡਿਆਈ ਕੇਵਲ ਇਸ ਲਈ ਹੀ ਨਹੀਂ ਕਰਦੇ ਕਿ ਇਨ੍ਹਾਂ ਦਾ ਜਨਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਹੋਇਆ ਸੀ, ਸਗੋਂ ਇਸ ਵਡਿਆਈ ਦਾ ਅਸਲ ਕਾਰਨ ਇਹ ਹੈ ਕਿ ਉਨ੍ਹਾਂ ਦੀ ਮ੍ਰਿਤੂ ਕੁਰਬਾਨੀ ਦੇ ਘਰ ਹੋਈ ਸੀ। ਸ਼ਹਾਦਤ ਦੀ ਦੇਵੀ ਨੂੰ ਜਿਸ ਤਰ੍ਹਾਂ ਉਨ੍ਹਾਂ ਰੀਝਾਇਆ, ਉਹ ਬੇਮਿਸਾਲ ਹੈ। ਸ਼ਹੀਦੀ ਦਾ ਜੋ ਸਬਕ ਉਨਾਂ ਪੜ੍ਹਾਇਆ, ਉਹ ਹਰ ਸਿਖ ਬੱਚੇ ਨੂੰ ਇਤਨਾ ਕੰਠ ਹੋ ਗਿਆ ਹੈ ਕਿ ਕਦੀ ਭੁਲਾਇਆ ਜਾਣ ਵਾਲਾ ਨਹੀਂ।

ਸੱਚ ਪੁੱਛੋ ਤਾਂ ਇਹ ਸਾਹਿਬਜ਼ਾਦਿਆਂ ਦੀ ਕੁਰਬਾਨੀ ਹੀ ਹੈ ਜਿਸ ਨੇ 'ਸਿਖ ਲਹਿਰ' ਨੂੰ 'ਸਿੰਘ ਲਹਿਰ' ਬਣਾ ਕੇ ਇਨਕਲਾਬੀ ਰਸਤੇ ਪਾਇਆ। ਬਾਬਾ ਬੰਦਾ ਬਹਾਦਰ ਪਾਸ ਕੋਈ ਵੀ ਐਸਾ ਸਾਜ਼ੋ-ਸਾਮਾਨ ਨਹੀਂ ਸੀ ਜੋ ਪੰਜਾਬੀਆਂ ਨੂੰ ਹਲੂਣਾ ਦੇਂਦਾ। ਉਸ ਨੇ ਪੰਜਾਬ ਵਿਚ ਆ ਕੇ ਇਥੋਂ ਹੋਕਾ ਦਿਤਾ ਸੀ, "ਤੁਹਾਨੂੰ ਚਮਕੌਰ ਯਾਦ ਕਰਦਾ ਹੈ, ਤੁਹਾਨੂੰ ਸਰਹੰਦ ਸੱਦਾ ਦਿੰਦੀ ਹੈ, ਆਓ! ਉਨ੍ਹਾਂ ਮਹਿਲਾਂ ਅਤੇ ਦੀਵਾਰਾਂ ਨੂੰ ਢਾਹੀਏ ਜਿਥੇ ਜ਼ਾਬਰ ਸਹਿਨਸ਼ਾਹੀਅਤ ਨੇ ਡੇਰਾ ਜਮਾਇਆ ਹੋਇਆ ਹੈ।

ਆਖ਼ਰ ਇਸ ਵੰਗਾਰ ਦਾ ਪੂਰਾ ਪੂਰਾ ਸਤਿਕਾਰ ਤੇ ਜੈ ਜੈਕਾਰ ਹੋਇਆ ਤੇ ਸ਼ਹੀਦੀਆਂ ਦੀ ਬਰਕਤ ਨਾਲ ਨਵੇਂ ਫ਼ਤਹਗੜ੍ਹ ਆਬਾਦ ਹੋਏ। ਸੋ ਇਹ ਅਤਿਕਥਨੀ ਨਹੀਂ ਕਿ ਇਸ ਸ਼ਹਾਦਤ ਨੇ ਸਾਡੇ ਇਤਿਹਾਸ ਨੂੰ ਸਹੀ ਪਾਸੇ ਤੁਰਨ ਲਈ ਸੁਚੱਜੀ ਤੇ ਸ਼ਕਤੀਸ਼ਾਲੀ ਅਗਵਾਈ ਦਿਤੀ ਹੈ ਤੇ ਸਿੱਖ ਸੰਗਤਾਂ ਸਦਾ ਹੀ ਇਸ ਨੂੰ ਦਿਲੋਂ-ਮਨੋਂ ਸ਼ਰਧਾਂਜਲੀ ਅਰਪਨ ਕਰਦੀਆਂ ਆ ਰਹੀਆਂ ਹਨ।

ਜਦੋਂ ਸਤਿਗੁਰਾਂ ਨੂੰ 'ਸੱਚਾ ਪਾਤਸ਼ਾਹ' ਨਾਮ ਨਾਲ ਯਾਦ ਕੀਤਾ ਜਾਵੇ ਤਾਂ ਜ਼ਰੂਰੀ ਸੀ ਕਿ ਉਨ੍ਹਾਂ ਦੀ ਲਾਇਕ ਸੰਤਾਨ ਨੂੰ ਵੀ ਅਜਿਹੇ ਉਚੇ ਤੇ ਮਾਨਯੋਗ ਸ਼ਬਦਾਂ ਨਾਲ ਬੁਲਾਇਆ ਜਾਂਦਾ। ਇਸੇ ਕਰਕੇ ਸਿਖ ਨੂੰ ਸੰਗਤਾਂ ਵਿਚ ਆਦਰ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਪੁੱਤਰਾਂ ਨੂੰ 'ਚਾਰ ਸਾਹਿਬਜ਼ਾਦੇ' ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਖ਼ਾਸ ਕਰਕੇ ਇਨ੍ਹਾਂ ਦੀ ਕੁਰਬਾਨੀ ਭਰਪੂਰ ਕਰਣੀ ਇਸ ਵਡਿਆਈ ਲਈ ਜ਼ਿੰਮੇਵਾਰ ਹੈ। ਇਨ੍ਹਾਂ ਦੇ ਨਾਮ, ਪਿਤਾ ਸਤਿਗੁਰੂ ਦੀ ਬੀਰ-ਰਸੀ ਤੇ ਜੇਤੂ ਬਿਰਤੀ ਦੇ ਲਖਾਇਕ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਪੁੱਤਰ ਕੁਰਬਾਨੀਆਂ ਸਦਕੇ ਇਤਨੇ ਮਹਾਨ ਸਿੱਧ ਹੋਏ ਕਿ ਤਵਾਰੀਖ਼ ਉਨ੍ਹਾਂ ਦੀ ਪ੍ਰਸੰਸਾ ਕਰਦੀ ਨਹੀਂ ਥੱਕਦੀ। ਇਹ ਗੱਲ ਗੁਰੂ ਸਾਹਿਬ ਦੀ ਵਡਿਆਈ ਨੂੰ ਚਾਰ ਚੰਨ ਲਾਉਂਦੀ ਹੈ ਕਿ ਜਿਵੇਂ ਉਨ੍ਹਾਂ ਦੇ ਵਡੇਰਿਆਂ ਨੇ ਆਪਣੇ ਬਲੀਦਾਨ ਰਾਹੀਂ ਜ਼ਿੰਦਗੀ ਨੂੰ ਸਰਬ-ਕਲਾ ਸਮਰੱਥ ਬਣਾਇਆ ਤਿਵੇਂ ਉਨ੍ਹਾਂ ਦੀ ਸੰਤਾਨ ਦੀ ਕੁਰਬਾਨੀ ਨੇ ਵੀ ਧਾਰਮਿਕ ਸੁਤੰਤਰਤਾ ਤੇ ਮਨੁੱਖੀ ਸਵੈਮਾਨ ਨੂੰ ਸ਼ਕਤੀ ਪ੍ਰਦਾਨ ਕੀਤੀ।

ਪੁਸਤਕ 'ਚਾਰ ਸਾਹਿਬਜ਼ਾਦੇਂ ਵਿਚੋਂ ਧੰਨਵਾਦ ਸਹਿਤ

---

*(ਪੰਨਾ 12 ਦੀ ਬਾਕੀ)*

ਦੇ ਇਨ੍ਹਾਂ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਜੀ ਨੇ ਸਿਖੀ ਸ਼ਾਨ ਨੂੰ ਕਾਇਮ ਰਖਣ ਖ਼ਾਤਰ ਕਿਤਨਾ ਕਸ਼ਟ ਉਠਾਇਆ। ਉਨ੍ਹਾਂ ਦੇ ਦਿਲ ਅੰਦਰ ਗੁਰੂ ਜੀ ਲਈ ਅਤੇ ਉਨ੍ਹਾਂ ਦੀ ਬਖ਼ਸ਼ੀ ਸਿੱਖੀ ਅਤੇ ਕੇਸਾਂ ਲਈ ਕਿਤਨਾ ਪਿਆਰ ਸੀ। ਉਨ੍ਹਾਂ ਨੇ ਇਤਨਾ ਕਸ਼ਟ ਉਠਾਇਆ ਅਤੇ ਮਰਨਾ ਮਨਜ਼ੂਰ ਕੀਤਾ, ਪ੍ਰੰਤੂ ਸਿੱਖੀ ਤੋਂ ਮੂੰਹ ਨਹੀਂ ਮੋੜਿਆ। ਤੁਸੀਂ ਭੀ ਉਹਨਾਂ ਦੇ ਪੂਰਨਿਆਂ ਪਰ ਤੁਰਨਾ ਸਿੱਖੋ ਅਤੇ ਸਿੱਖੀ ਨਾਲ ਉਤਨਾ ਪਿਆਰ ਕਰੋ ਜਿਤਨਾ ਸਾਹਿਬ ਜ਼ੋਰਾਵਰ ਸਿੰਘ ਤੇ ਸਾਹਿਬ ਫਤਹ ਸਿੰਘ ਨੇ ਕੀਤਾ ਸੀ।

# ਅੱਲ੍ਹਾ ਯਾਰ ਖ਼ਾਂ ਜੋਗੀ ਦੀਆਂ ਨਜ਼ਰਾਂ ਵਿਚ ਸਾਹਿਬਜ਼ਾਦੇ

*[ਪ੍ਰੋਫੈਸਰ ਪਿਆਰਾ ਸਿੰਘ ਜੀ 'ਪਦਮ']*

ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ ਆਪਣੀ ਪੁਸਤਕ 'ਚਾਰ ਸਾਹਿਬਜ਼ਾਦੇ' ਵਿਚ ਉਪਰੋਕਤ ਕਵੀ ਬਾਰੇ ਲਿਖਦੇ ਹਨ :-

ਸਾਹਿਬਜ਼ਾਦਿਆਂ ਦੀ ਕੁਰਬਾਨੀ ਨੇ ਗ਼ੈਰ-ਸਿਖ ਹਲਕਿਆਂ ਵਿਚ ਵੀ ਡੂੰਘਾ ਪ੍ਰਭਾਵ ਪਾਇਆ। ਜੇਕਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਬੇਮਿਸਾਲ ਹੈ ਤਾਂ ਇਸ ਕੁਰਬਾਨੀ ਦੀ ਕਹਾਣੀ ਕਹਿਣ ਵਾਲੇ ਸ਼ਾਇਰ ਅੱਲ੍ਹਾ ਯਾਰ ਖ਼ਾਂ ਜੋਗੀ ਦਕਨੀ ਦੀ ਕਲਮ ਵੀ ਬੇਮਿਸਾਲ ਹੈ, ਜਿਸ ਨੇ ਇਸ ਸ਼ਹਾਦਤ ਦੇ ਸਾਕੇ ਨੂੰ ਉਰਦੂ ਨਜ਼ਮਾਂ ਵਿਚ ਡੂੰਘਾ ਰੰਗ ਭਰ ਕੇ ਪੇਸ਼ ਕੀਤਾ। ਪੰਜਾਹ ਕੁ ਵਰ੍ਹੇ ਤੋਂ ਉਪਰ ਸਮਾਂ ਹੋਇਆ ਜਦੋਂ ਇਸ ਸਿਦਕੀ ਸ਼ਾਇਰ ਨੇ 'ਗੰਜਿ ਸ਼ਹੀਦਾਂ' ਤੇ 'ਸ਼ਹੀਦਾਨਿ ਵਫ਼ਾ' ਦੋ ਉਰਦੂ ਕਿੱਸੇ ਲਿਖੇ ਸਨ, ਜੋ ਬਹੁਤ ਪੜ੍ਹੇ ਤੇ ਸਲਾਹੇ ਗਏ। ਇਹ ਸੱਚ ਮੁੱਚ ਹੀ ਟੁੰਬਣ ਵਾਲੇ ਤੇ ਡੂੰਘਾ ਪ੍ਰਭਾਵ ਪਾਉਣ ਵਾਲੇ ਹਨ।

ਅਸੀਂ ਹੇਠਾਂ ਟੂਕ ਮਾਤਰ ਕੁਝ ਸ਼ੇਅਰ ਵਡੇ ਸਾਹਿਬ-ਜ਼ਾਦਿਆਂ ਦੇ ਪਰਸੰਗ ਚੋਂ ਪਾਠਕਾਂ ਦੇ ਪੇਸ਼ ਕਰਦੇ ਹਾਂ। ਕਵੀ ਦੇ ਦਿਲ ਦੇ ਉਬਾਲ ਤੇ ਉਛਾਲੇ ਤਾਂ ਦੋਵੇਂ ਪਰਸੰਗ ਪੜ੍ਹਨ ਨਾਲ ਹੀ ਸਾਹਮਣੇ ਆ ਸਕਦੇ ਹਨ।

'ਗੰਜਿ ਸ਼ਹੀਦਾਂ' (ਚਮਕੌਰ ਦੀ ਗੜ੍ਹੀ ਵਿਚ)

*ਜਬ ਕਿਲ੍ਹਾ ਮੇਂ ਜਾ ਉਤਰੀ ਥੀ ਸਤਿਗੁਰ ਕੀ ਸਵਾਰੀ।*
*'ਵਾਹਿਗੁਰੂ ਕੀ ਫ਼ਤਿਹ' ਦਲੇਰਾਂ ਨੇ ਪੁਕਾਰੀ।*
*ਵੁਹ ਹੁਮਹਮਾ ਸ਼ੇਰੋਂ ਕਾ, ਵੁਹ ਆਵਾਜ਼ ਥੀ ਭਾਰੀ।*
*ਥਰਥਰਾ ਗਿਆ ਚਮਕੌਰ ਹੁਆ ਜ਼ਲਜ਼ਲਾ ਭਾਰੀ।*
*ਸਕਤੇ ਮੇਂ ਖ਼ੁਦਾਈ ਥੀ ਤੋ ਹੈਰਤ ਮੇਂ ਜਹਾਂ ਥਾ।*
*ਨਾਅਰਾ ਸੇ ਹੁਆ ਚਰਖ਼ ਭੀ ਸਾਕਿਨ ਯਿ ਗੁਮਾਂ ਥਾ।*
*ਖ਼ੈਮੇ ਕੀਏ ਇਸਤਾਦਹ ਵਹੀਂ ਉਠ ਕੇ ਕਿਸੀ ਨੇ।*
*ਖਲੀ ਕਮਰ ਆਰਾਮ ਕੋ ਹਰ ਇਕ ਜਰੀ ਨੇ।*
*ਰਹਿਰਾਸ ਕਾ ਦੀਵਾਨ ਸਜਾਇਆ ਗੁਰੂ ਜੀ ਨੇ।*
*ਮਿਲ ਜੁਲ ਕਰ ਸਰੇ ਸ਼ਾਮ ਭਜਨ ਗਾਇਆ ਸਭੀ ਨੇ।*
*ਖਾਨਾ ਕਈ ਵਕਤੋਂ ਸੇ ਮੁਯੱਸਰ ਨ ਥਾ ਆਇਆ।*
*ਇਸ ਸ਼ਾਮ ਭੀ ਸ਼ੇਰੋਂ ਨੇ ਕੜਾਕਾ ਹੀ ਉਠਾਇਆ।੮।*

*ਕੁਛ ਲੇਟ ਗਏ ਖ਼ਾਕ ਪਿ ਜ਼ੀ-ਪੋਸ਼ ਵਿਛਾ ਕਰ।*
*ਪਹਰਾ ਲਗੇ ਦੇਨੇਂ ਕਈ ਤਲਵਾਰ ਉਠਾ ਕਰ।*
*ਗੋਬਿੰਦ ਭੀ ਸ਼ਬ-ਬਾਸ਼ ਹੋਏ ਖ਼ੇਮਾ ਮੇਂ ਜਾ ਕਰ।*
*ਦੇਖਾ ਤੋ ਵਹਾਂ ਬੈਠੇ ਹੈਂ ਗਰਦਨ ਕੋ ਝੁਕਾ ਕਰ।*
*ਵਾਹਿਗੁਰੂ ਵਾਹਿਗੁਰੂ ਹੈ ਮੂੰਹ ਸੇ ਨਿਕਲਤਾ।*
*ਹੈਂ ਤੂੰ ਹੀ ਤੂੰ, ਤੂਹੀ ਤੂ ਹੈ ਮੂੰਹ ਸੇ ਨਿਕਲਤਾ।੯।*

*ਜਬ ਡੇੜ ਘੜੀ ਰਾਤ ਗਈ ਜ਼ਿਕਰਿ-ਖ਼ੁਦਾ ਮੇਂ।*
*ਖ਼ੈਮੇ ਸੇ ਨਿਕਲ ਆਏ ਸਰਕਾਰ ਹਵਾ ਮੇਂ।*
*ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ ਦੁਆ ਮੇਂ।*
*ਬੋਲੇ, 'ਐ ਖ਼ੁਦਾਵੰਦ! ਹੂੰ ਖ਼ੁਸ਼ ਤੇਰੀ ਰਜਾ ਮੇਂ।*
*ਕਰਤਾਰ ਸੇ ਕਹਿਤੇ ਥੇ ਗੋਇਆ ਰੂਬਰੂ ਹੋ ਕਰ।*
*'ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖ਼ਰੂ ਹੋ ਕਰ।*

*ਮੈਂ ਤੇਰਾ ਹੂੰ, ਬੱਚੇ ਭੀ ਮਿਰੇ ਤੇਰੇ ਹੈਂ ਮੌਲਾ।*
*ਥੇ ਤੇਰੇ ਹੀ, ਹੈਂ ਤੇਰੇ, ਰਹੇਂਗੇ ਤੇਰੇ ਦਾਤਾ।*
*ਜਿਸ ਹਾਲ ਮੇਂ ਰਖੇਂ ਤੂੰ ਵਹੀ ਹਾਲ ਹੈ ਅੱਛਾ।*
*ਜੁਜ਼ ਸ਼ੁਕਰ ਆਨੇ ਕਾ ਜ਼ੁਬਾਂ ਪਰ ਨਹੀਂ ਸ਼ਿਕਵਾ।*
*ਲੇਟੇ ਹੁਏ ਹੈਂ ਖਾਲਸਾ ਜੀ ਆਜ ਜ਼ਿਮੀਂ ਪਰ।*
*ਕਿਸ ਤਰਹ ਸੇ ਚੈਨ ਆਏ ਹਮੇਂ ਸ਼ਾਹਿ-ਨਸ਼ੀਂ ਪਰ।੧੧।*

*ਯਿਹ ਕਹਿ ਕੇ ਗੁਰੂ ਲਸ਼ਕਰਿਖ਼ੁਫ਼ਤਾ ਮੈਂ ਦਰ ਆਏ।*
*ਪਹਰੇ ਪਿ ਜਵਾਂ ਊਂਘਤੇ ਅਕਸਰ ਨਜ਼ਰ ਆਏ।*
*ਯੂੰ ਹਰ ਜਗ੍ਹਾ ਖਾਮੋਸ਼ ਗਏ, ਬੇਖ਼ਬਰ ਆਏ।*
*ਸੋਏ ਹੁਏ ਬੱਚੋਂ ਕੇ ਕਰੀਂ ਯੂੰ ਪਿਦਰ ਆਏ।*
*ਗਰਜ਼ਿ ਕਿ ਦਬੇ ਪਾਉਂ ਟਹਿਲਨੇ ਲਗੇ ਸਤਿਗੁਰ।*
*ਭਗਤੀ ਸੇ ਮੁਰੀਦੋਂ ਕੀ, ਟਹਿਲਨੇ ਲਗੇ ਸਤਿਗੁਰ।੧੨।*

*ਸਾਫੇ ਕਭੀ ਸਿੰਘੋਂ ਕੇ ਉਠਾਤੇ ਥੇ ਜ਼ਿਮੀਂ ਸੇ।*

ਕੇਸ ਉਸਕੇ ਜੁ ਝਾੜੇ ਤੋਂ ਲੀ ਖ਼ਾਕ ਉਸਕੀ ਜਿਮੀਂ ਸੇ।
ਸਭ ਠੀਕ ਕੀਏ ਸਰਕੇ ਹੁਏ ਦੇ ਬਾਲਸ਼ਿ-ਜੀਂ ਸੇ।
ਤਰਤੀਬ ਦੀ ਹਰ ਚੀਜ਼ ਕੋ ਲਾ ਲਾ ਕੇ ਨਹੀਂ ਸੇ।
ਹਾਸ਼ਾ! ਕਿਸੀ ਮੁਰਸ਼ਦ ਮੈਂ ਯੇ ਅਸਯਾਰ ਨਹੀਂ ਹੈ।
ਯਿਹ ਪਿਆਰ ਕਿਸੀ ਪੀਰ ਮੇਂ ਜ਼ਿਨਹਾਰ ਨਹੀਂ ਹੈ।੧੩।

ਥੇ ਦੇਖਤੇ ਹਰ ਇਕ ਕੋ ਗੁਰੂ ਦੀਦਾਏ ਤਰ ਸੇ।
ਉਲਫ਼ਤ ਕੀ ਨਿਗਾਹੋਂ ਸੇ ਮੁਹਬਤ ਕੀ ਨਜ਼ਰ ਸੇ।
ਬਾਂਧੇ ਹੁਏ ਪਟਕਾਂ ਪਏ ਖ਼ਿਦਮਤ ਥੇ ਕਮਰ ਸੇ।
ਥਾ ਜਾਗਤਾ ਕੌਈ ਤੋ ਸਰਕ ਜਾਤੇ ਥੇ ਸਰ ਸੇ।
ਨਫ਼ਰਤ ਥੀ ਯਾਂ ਤਕ ਸ਼ਹਿ ਵਾਲਾ ਕੋ ਰਿਆ ਸੇ।
ਨੇਕੀ ਕੋ ਛੁਪਾਤੇ ਥੇ ਸਦਾ ਮਾਂ-ਓ-ਸ਼ੁਮਾ ਸੇ।੧੪।

ਜਿਨ ਸਿੰਘਾਂ ਨੇ ਕੱਲ ਮੌਤ ਕੇ ਸਾਹਿਲ ਥਾ ਉਤਰਨਾ।
ਕੱਲ ਸੁਬਹ ਥਾ ਜਿਨ ਖਾਲਸੋਂ ਨੇ ਜੰਗ ਮੇਂ ਮਰਨਾ।
ਬਾਲੀਂ ਸੇ ਸ਼ਹੀਦੋਂ ਕੇ ਹੁਆ ਜਬ ਕਿ ਗੁਜ਼ਰਨਾ।
ਮੁਸ਼ਕਲ ਹੁਆ ਇਸ ਜਾ ਸੇ ਕਦਮ ਆਗੇ ਕੋ ਧਰਨਾ।
ਚੂਮਾਂ ਕਭੀ ਹਲਕੂਮ, ਦਹਨ ਚੁਮਨੇ ਬੈਠੇ।
ਜਬ ਪਾਇਤੀ ਆਏ ਤੇ ਚਰਨ ਚੁਮਨੇ ਬੈਠੇ ।੧੫।

ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋ ਬਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯੇਹ ਪਿਆਰ ਮੁਰੀਦੋਂ ਸੇ ਯੇਹ ਸ਼ਰਕਤ ਭੀ ਕਹੀਂ ਹੈ।
ਭਗਤੀ ਮੇਂ ਗੁਰੂ ਅਰਸ਼, ਸੰਸਾਰ ਜ਼ਿਮੀਂ ਹੈ।
ਉਲਫ਼ਤ ਕੋ ਯੇ ਜਜ਼ਬੇ ਨਹੀਂ ਦੇਖ ਕਹੀਂ ਹਮ ਨੇ।
ਹੈ ਦੇਖਨਾ ਇਕ ਬਾਤ, ਸੁਨੇ ਭੀ ਨਹੀਂ ਹਮਨੇ।੧੬।

ਗੋਬਿੰਦ ਕੇ 'ਦਿਲਦਾਰ' ਕਿਲੇ ਸੇ ਨਿਕਲ ਆਏ।
ਵੁਹ ਦੇਖੀਏ ਸਰਕਾਰ ਕਿਲੇ ਸੇ ਨਿਕਲ ਆਏ।
ਘੋੜੇ ਪੈ ਹੋ ਅਸਵਾਰ ਕਿਲੇ ਸੇ ਨਿਕਲ ਆਏ।
ਲੇ ਹਾਥ ਮੇਂ ਤਲਵਾਰ ਕਿਲੇ ਸੇ ਨਿਕਲ ਆਏ।
ਕਿਆ ਵਸਫ਼ ਹੋ ਉਸ ਤੇਗ਼ ਕਾ ਇਸ ਤੇਗਿ ਜ਼ਬਾਂ ਸੇ।
ਵੁਹ ਮਿਆਂ ਸੇ ਨਿਕਲੀ ਨਹੀਂ ਨਿਕਲੀ ਯਿਹ 'ਦਹਾਂ' ਸੇ।੧੭।

ਕਿਸ ਮੂੰਹ ਕਰੂੰ ਤੇਗ਼ ਖ਼ਮਦਾਰ ਕੀ ਤਾਰੀਫ਼।
ਗੋਬਿੰਦ ਕੀ ਬਖਸ਼ੀ ਹੁਈ ਤਲਵਾਰ ਕੀ ਤਾਰੀਫ਼।
ਪਰਕਾਲਾਏ ਆਤਸ਼ ਕੀ 'ਸ਼ਰਰਬਾਰ' ਕੀ ਤਾਰੀਫ਼।
ਬਾਂਕੀ ਕੀ ਨੁਕੀਲੀ ਕੀ ਤਰਹਦਾਰ ਕੀ ਤਾਰੀਫ਼।
ਥੀ 'ਦੋਸ਼' ਪੈ ਸ਼ਮਸ਼ੀਰ ਯਾ ਕਾਂਧੋਂ ਪੈ, ਪਰੀ ਥੀ।
ਥੀ ਤਿਸਨਾਇ-ਖੂੰ ਇਸ ਲੀਏ ਗੁੱਸੇ ਮੇਂ ਭਰੀ ਥੀ।੧੮।

ਅਜ਼ ਦੀਦਾਰਿ ਜੌਹਰ ਇਸੇ ਦੇਖਾ ਉਸੇ ਦੇਖਾ
ਕੁਛ ਦੇਰ ਬਰਾਬਰ ਇਸੇ ਦੇਖਾ ਉਸੇ ਦੇਖਾ
ਪਹਲੂ ਕੋ ਬਦਲ ਕਰ ਇਸੇ ਦੇਖਾ ਉਸੇ ਦੇਖਾ
ਸਦਕੇ ਹੁਈ ਸਰ ਪਰ ਇਸੇ ਦੇਖਾ ਉਸੇ ਦੇਖਾ
ਅਬ ਕਿਆ ਥਾ ਗਿਰੀ 'ਬਰਕਿ ਬਲਾ' ਬਨਕੇ ਗਿਰੀ ਵੁਰ।
ਮੂੰਹ ਫਿਰ ਗਏ ਲਾਖੋਂ ਹੀ ਕੇ ਜਿਸ 'ਸਿਮਤ' ਫਿਰੀ ਵੁਹ।੧੯।

ਕਹਤੇ ਥੇ ਅਦੂ 'ਬਰਕ' ਹੈ, ਤਲਵਾਰ ਨਹੀਂ ਹੈ
ਇਸ ਕਾਟ ਕਾ ਦੇਖਾ ਕਭੀ ਹਥਿਆਰ ਨਹੀਂ ਹੈ
'ਨੌ-ਮਸ਼ਕ' ਜਵਾਂ ਯਿਹ ਕੋਈ ਜ਼ਿਨਹਾਰ ਨਹੀਂ ਹੈ
ਸਤਿਗੁਰ ਹੈਂ ਯੇ ਫ਼ਰਜ਼ੰਦਿ ਵਫ਼ਾਦਾਰ ਨਹੀਂ ਹੈ
ਲਲਕਾਰੇ ਅਜੀਤ ਔਰ ਮੁਖ਼ਾਤਿਬ ਹੁਏ ਸਭ ਸੇ।
ਫੁਰਮਾਏ ਅਦੂ ਸੇ 'ਨ ਨਿਕਲ ਹੱਦਿ ਅਦਬ ਸੇ।੨੦।

ਸਤਿਗੁਰ ਗੁਰ ਗੋਬਿੰਦ ਕੇ 'ਹਮਸਰ' ਨਹੀਂ ਹਮ ਹੈਂ
ਉਨਕੇ ਤੋ 'ਕਫ਼ੇ ਪਾਕ' ਕੇ ਬਰਾਬਰ ਨਹੀਂ ਹਮ ਹੈਂ
ਖ਼ਾਦਮ ਹੈਂ ਹਰ ਇਕ ਸਿੰਘ ਕੇ ਅਫਸੁਰ ਨਹੀਂ ਹਮ ਹੈਂ
ਜੋ ਤੁਮ ਹੋ ਸਮਝਤੇ ਵੁਹ ਮੁਕਰਰ ਨਹੀਂ ਹਮ ਹੈਂ
ਫਰਜ਼ੰਦ ਹੈਂ ਦਿਲਬੰਦ ਹੈਂ 'ਹਮਸਰ' ਤੋ ਨਹੀਂ ਹੈਂ।
ਹਮ ਕਲਗੀਓਂ ਵਾਲੇ ਕੇ ਬਰਾਬਰ ਤੋ ਨਹੀਂ ਹੈਂ।੨੧।

ਉਸ ਹਾਥ ਮੇਂ ਥੇ ਬਾਜ਼ੂਇ ਗੋਬਿੰਦ ਕੇ ਕਸ ਬਲ
ਫਰਜ਼ੰਦ ਕੀ ਤਲਵਾਰ ਸੇ ਥਰਰਾ ਗਏ ਜਲ ਥਲ
ਜ਼ਿੰਦੋਂ ਕਾ ਤੋ ਕਿਆ ਜ਼ਿਕਰ ਹੈ ਮੁਰਦੇ ਹੋਏ ਬੇਕਲ
ਸ਼ਮਸ਼ਾਨ ਮੇਂ ਥਾ ਸ਼ੋਰ ਮਜ਼ਾਰੋਂ ਮੇਂ ਥੀਂ ਹਲ ਚਲ
ਜਮਨਾ ਕੇ ਭੀ ਪਾਨੀ ਮੇਂ 'ਤਲਾਤਮ' ਸਾ ਬਪਾ ਥਾ।
ਗੰਗਾ ਕੇ ਭੀ ਜ਼ੱਰਰੋਂ ਮੇਂ ਅਜਬ ਜੋਸ਼ ਭਰਾ ਥਾ।੨੨।

ਦੇਵ ਲੋਕ ਕੇ ਸਭ ਦੇਵਤੇ 'ਫ਼ਿਰਦੌਸ' ਸੇ ਝਾਂਕੇ
ਰੁਸਤਮ ਸੇ ਜਵਾਂ ਭੀਮ ਸੋ ਯਲ ਨਲ ਸੇ ਬਾਂਕੇ
ਹੈਰਾਂ ਥੇ ਹੁਨਰ ਸੇ ਪਿਸਰਿ ਪੀਰਿ ਯਿਆਂ ਕੇ
ਆਕਾਸ਼ ਕੀ ਮਖ਼ਲੂਕ ਕੋ ਖ਼ਤਰੇ ਹੁਏ ਜਾਂ ਕੇ
ਤਲਵਾਰ ਵੁਹ ਖੂੰਖਾਰ ਥੀ ਤੋਬਾ ਹੀ ਭਲੀ ਹੈ।
ਲਾਖੋਂ ਕੀ ਹੀ ਜਾਂ ਲੈ ਕੇ ਬਲਾ ਸਰ ਸੇ ਟਲੀ ਹੈ।੨੩।

ਪਲਟਨ ਪੈ ਗਿਰੀ ਕਾਰ ਦੀਆ ਪਲ ਹੀ ਰਸਾਲਾ
ਸਰ ਉਸਕਾ ਉਛਾਲਾ ਕਭੀ ਧੜ ਉਸਕਾ ਉਛਾਲਾ
ਲਾਸ਼ੋਂ ਸੇ ਵੁਹ ਜਾ ਪਟ ਗਈ ਸਾਯਾ ਜਹਾਂ ਡਾਲਾ
ਥਾ ਖੈਂਚ ਲੀਆ ਡਰ ਸੇ 'ਮਾਹੋ ਮਹਰ' ਨੇ ਹਾਲਾ
ਤੌਂਦਲ ਫਲਕੇ ਪੀਰ ਖੜਾ ਹਾਂਪ ਰਹਾ ਥਾ।
'ਮਰੀਖ' ਕੋ ਲਰਜਾ ਥਾ 'ਜੁਹਲ' ਕਾਂਪ ਰਹਾ ਥਾ।੨੪।

ਦਹਿਸ਼ਤ ਸੇ ਸਭੀ ਬੁਰਜ ਸਤਾਰੋਂ ਮੇਂ ਘੁਸੇ ਥੇ।
ਅਕਰਬੁ ਅਸਦੋ ਸੂਰ 'ਹਿਸਾਰੋਂ' ਮੇਂ ਘੁਸੇ ਥੇ।
ਯਿਹ ਹੋਸ਼ ਥੇ ਗੁਮ ਅਜਦਹੇ ਗਾਰੋਂ ਮੇਂ ਘੁਸੇ ਥੇ।
ਯਿਹ ਇਸ਼ਕੋ ਦਿਖਾ ਔਰ ਨ ਵਹ ਉਸਕੋ ਨਜ਼ਰ ਆਯਾ।
ਛੁਪਨੇ ਕੇ ਲੀਏ ਭੇੜੀਆ ਭੇੜੋਂ ਮੇਂ ਦਰ ਆਯਾ।੨੫।

ਯਿਹ ਆਈ ਵੁਹ ਪਹੁੰਚੀ ਵੁਹ ਗਈ ਸਨ ਸੇ ਨਿਕਲ ਕਰ।
ਜਬ ਬੈਠ ਗਈ ਸਰ ਪਿ ਉਠੀ ਤਨ ਸੇ ਨਿਕਲ ਕਰ।

ਦੋ ਕਰ ਗਈ ਚਾਰ ਆਈਨਾ ਜੋਸ਼ਨ ਸੇ ਨਿਕਲ ਕਰ।
ਤਰਾਰੀ ਮੇਂ ਤੇਜ਼ੀ ਮੇਂ ਥੀ ਨਾਗਨਿ ਸੀ ਨਿਕਲ ਕਰ।
ਦੁਸ਼ਮਨ ਕੋ ਲੀਆ ਮਰਕਬਿ ਦੁਸ਼ਮਨ ਭੀ ਨਾ ਛੋੜਾ।
ਅਸਵਾਰ ਦੋ ਦੋ ਕਰ ਗਈ ਤੋ ਸਨ ਭੀ ਨਾ ਛੋੜਾ॥੨੬॥

ਤਲਵਾਰ ਸੀ ਤਲਵਾਰ ਥੀ ਕਿਆ ਜਾਨੀਏ ਕਿਆ ਥੀ।
ਖ਼ੂੰਖ਼ਾਰ ਥੀ ਖ਼ੂੰਬਾਰ ਥੀ ਆਫ਼ਤ ਪੀ ਬਲਾ ਥੀ।
ਥੀ ਆਬ ਯਾ ਫ਼ੌਲਾਦ ਪੈ ਬਿਜਲੀ ਕੀ 'ਜਲਾ' ਥੀ।
ਯਮਰਾਜ ਕੀ ਅੰਮਾ ਥੀ ਵੁਹ ਹਮਸ਼ੀਰਾਇ 'ਕਜ਼ਾ' ਥੀ।
ਅਰਦਲ ਮੇਂ ਬਿਚਾਰੇ ਮਲਕੁਲ ਮੌਤ ਖੜੇ ਥੇ।
ਅਪਨੇ ਸ਼ੁਗਲਿ-ਖ਼ਾਸ ਮੇਂ ਮਸ਼ਗੂਲ ਬੜੇ ਥੇ।੨੭।

ਘੋੜਾ ਵੁਹ 'ਸੁਬਕ ਸੀਅਰਵ ਬਦਲ ਜਿਸਕਾ ਨਹੀਂ ਥਾ।
ਦੇਖਾ ਤੋ ਕਹਾਂ ਥਾ ਅਭੀ ਦੇਖਾ ਤੋਂ ਕਹੀਂ ਥਾਂ।
ਮਹਿਫ਼ੂਜ਼ ਕੋਈ ਇਸ ਸੇ ਮਕਾਂ ਥਾ ਨ ਸਕੀਂ ਥਾ।
ਬਾਲਾਏ ਫ਼ਲਕ ਥਾ ਵੁਹ ਕਭੀ ਜ਼ੋਰਿ ਜ਼ਿਮੀਂ ਥਾ।
ਥੀ ਟਾਪ ਕੀ ਆਵਾਜ਼ ਯਾ ਸੈਲਏ ਸਬਾ ਥੀ।
ਗੁੰਚੇ ਕੇ ਚਟਖਨੇ ਕੀ ਸਦਾ, ਉਸ ਸੇ 'ਸ਼ਿਵਾ' ਥੀ।੨੮।

ਇਸ ਕੋ ਕੁਚਲ ਆਇਆ ਕਭੀ ਉਸਕੋ ਕੁਚਲ ਆਇਆ।
ਸਦਹਾ ਕੀ ਲਕਦ ਕੋਬੀ ਸੇ 'ਹੱਯਤ' ਬਦਲ ਆਇਆ।
ਠੋਕਰ ਜਹਾਂ ਮਾਰੀ ਵਹਾਂ ਪਾਨੀ ਨਿਕਲ ਆਇਆ।
ਸ਼ੇਰ ਆ ਗਿਆ ਗਰ ਸਾਹਮਨੇ ਬੋਲਾ, ਸੰਭਲ ਆਇਆ।
ਤੇਜ਼ੀ ਮੇਂ ਹਵਾ ਕੇ ਭੀ ਥਾ ਵੁਹ ਕਾਨ ਕੁਤਰਤਾ।
ਥਾ ਸੁਮ ਸੇ ਕਭੀ ਫੂਲ ਕਭੀ ਪਾਨ ਕੁਤਰਤਾ।੨੯।

ਕਹਤੇ ਥੇ ਸਭੀ 'ਅਸਪ' ਨਹੀਂ ਹੈ ਯਿਹ ਛਲਾਵਾ।
ਤਾਕਤ ਥੀ ਬਲਾ ਕੀ ਹੈ ਨਜ਼ਾਕਤ ਕੇ ਅਲਾਵਾ।
ਕਰਤੇ ਥੇ ਨਜ਼ਰ ਬਾਜ਼ ਉਸੇ ਦੇਖਕੇ ਦਾਅਵਾ।
ਐਸਾ ਨ ਕਦਮ ਹੀ ਹੈ ਕਿਸੀ ਕਾ ਨਾ 'ਕਾਵਾ'।
ਪੁੱਠਾ ਹੈ ਅਲਗ ਇਸ ਕੀ ਕਨੌਤੀ ਹੀ ਜੁਦਾ ਹੈ।
'ਸੀਮਾਬ' ਲਹੂ ਕੀ ਜਗਹ ਰਗ ਰਗ ਮੇਂ ਭਰਾ ਹੈ।੩੦।

'ਤਾਊਸ' ਸੀ ਦੁਮ ਚਾਂਦ ਸੇ 'ਸੁਮ ਮਾਰ' ਕੀ ਸੂਰਤ।
ਬੇਪਰ ਹੈ ਮਗਰ ਉੜਤਾ ਹੈ 'ਪਰਦਾਰ' ਕੀ ਸੂਰਤ
'ਕਸ' ਸ਼ੇਰ ਕੀ ਬਲ ਫੀਲ ਕਾ ਰਹਿਵਾਰ ਕੀ ਸੂਰਤ
ਫਿਰਤਾ ਹੈ ਇਸ਼ਾਰੇ ਸੇ ਹੀ ਪਰਕਾਰ ਕੀ ਸੂਰਤ
ਜਿਸ ਸਿਮਤ ਗਿਆ ਰਨ ਕਾ ਯਿਹ ਨਕਸ਼ਾ ਬਦਲ ਆਯਾ।
ਪਲਟਨ, ਪਲਟ ਆਯਾ ਯਿਹ ਰਸਾਲਾ ਕੁਚਲ ਆਯਾ।੩੧।

ਪਕੜਾ ਜਿਸੇ ਗਰਦਨ ਸੇ ਯਿਹ ਪੂਰਾ ਉਸੇ ਕਰਦੇ
ਹੋ ਕਾਮਿਲਿ ਫਨ ਭੀ ਤੋ ਅਧੂਰਾ ਉਸੇ ਕਰਦੇ
ਪੈਰੋਂ ਮੈਂ ਤੁਫ਼ੰਗ ਆਏ ਤੋਂ ਬੂਰਾ ਉਸੇ ਕਰਦੇ
ਜਿਸ ਤੋਪ ਪੈ ਦੇ ਟਾਪ ਯਿਹ ਚੂਰਾ ਉਸੇ ਕਰਦੇ
ਜੀ ਮੇਂ ਕਦਰ-ਅੰਦਾਜ਼ ਡਰੇ 'ਓਪਚੀ' ਭਾਗੇ।
ਤੋਪੋਂ ਕੋ ਗਰਜ਼ ਛੋੜਕੇ ਸਭ ਤੋਪਚੀ ਭਾਗੇ।੩੨।

ਸ਼ਹਿਜ਼ਾਦਾਇ 'ਜ਼ੀ ਜਾਹ' ਨੇ ਭਾਗੜ ਥੀ ਮਚਾਦੀ
ਯਿਹ ਫ਼ੌਜ ਭਗਾ ਦੀ ਕਭੀ ਵੁਹ ਫ਼ੌਜ ਭਗਾ ਦੀ
ਬੜ੍ਹ ਚੜ੍ਹਕੇ ਤਵੱਕੋ ਸੇ 'ਸ਼ੁਜਾਇਤ' ਜੋ ਦਿਖਾਈ
ਸਤਿਗੁਰ ਨੇ ਵਹੀਂ ਕਿਲਾ ਸੇ ਬੇਟੇ ਕੋ 'ਨਦਾ' ਦੀ
'ਸ਼ਾਬਾਸ਼' ਪਿਸਰ! ਖ਼ੂਬ ਦਲੇਰੀ ਸੇ ਲੜੇ ਹੋ।
ਹਾਂ, ਕਿਉਂ ਨ ਹੋ ਗੋਬਿੰਦ ਕੇ ਫਰਜ਼ੰਦ ਲੜੇ ਹੋ।੩੩।

ਦਿਲ-ਬੰਦ ਨੇ ਤਲਵਾਰ ਸੇ ਤਸਲੀਮ ਬਜਾਈ
ਗਰਦਨ ਪਇ ਅ ਦਾਬ ਦਿਲਾਵਰ ਨੇ ਝੁਕਾਈ
ਇਸ ਵਕਫ਼ਾ ਮੇਂ ਫ਼ੌਜ 'ਸਿਤਮ-ਆਰਾ' ਉਮਡ ਆਈ
ਬਰਛੀ ਕਿਸੀ ਬਦਬਖ਼ਤ ਨੇ ਪੀਛੇ ਸੇ ਲਗਾਈ
ਤਿਉਰਾ ਕੇ ਗਿਰੇ ਜ਼ੀਨ ਸੇ ਸਰਕਾਰ ਜ਼ਿਮੀਂ ਪਰ।
ਰੂਹ 'ਖ਼ੁਲਦ' ਗਈ ਔਰ ਤਨਿ-ਜ਼ਾਰ ਜ਼ਿਮੀਂ ਪਰ।੩੪।

ਜਬ ਫਤ੍ਹੇ ਗਜਾ ਕਰ ਗਏ ਜੁਝਾਰ ਥੇ ਰਨ ਮੇਂ
ਹਰ ਸ਼ੇਰ ਬਘੇਲਾ ਨਜ਼ਰ ਆਨੇ ਲਗਾ ਬਨ ਮੇਂ
ਨੰਨੀ ਸੀ 'ਕਜ਼ਾ' ਬੋਲੀ, ਮੈਂ ਆਈ ਹੂੰ ਸ਼ਰਨ ਮੇਂ
ਦਿਲਵਾਉ 'ਅਮਾਂ' ਗੋਸ਼ਾਇ ਦਾਮਾਨੇ ਕਫਨ ਮੇਂ
ਮੈਂ ਜਿਸਕੇ ਹੂੰ ਕਬਜ਼ੇ ਮੇਂ ਵੁਹ ਕਾਬੂ ਮੇਂ ਹੈ ਮੇਰੇ।
ਗੁਰਿਆਈ ਕਾ ਬਲ ਨਨ੍ਹੇ ਸੇ ਬਾਜ਼ੂ ਮੇਂ ਹੈ ਤੇਰੇ।੩੫।

ਦਸ ਬੀਸ ਕੋ ਜ਼ਖ਼ਮੀ ਕੀਆ ਦਸ ਬੀਸ ਕੋ ਮਾਰਾ
ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ
'ਖ਼ਾਨਾਸ਼' ਕੋ ਮਾਰਾ ਕਭੀ 'ਇਬਲੀਸ' ਕੋ ਮਾਰਾ
ਗੁਲ ਮਚ ਗਿਆ ਇਕ 'ਤਿਫ਼ਲ' ਨੇ ਚਾਲੀਸ ਕੋ ਮਾਰਾ
ਬਚ ਬਚ ਕੇ ਲੜੋ ਕਲਗੀਓਂ ਵਾਲੇ ਕੇ ਪਿਸਰ ਸੇ।
ਯਿਹ 'ਨੀਮਚਾ' ਲਾਏ ਹੈਂ ਗੁਰੂ ਜੀ ਕੀ ਕਮਰ ਸੇ।੩੬।

ਸ਼ਹਿਜ਼ਾਦੇ ਕੇ ਹਰਬੇ ਸੇ 'ਸ਼ੁਜਾ ਓ ਜਰੀ' ਹਾਰੇ
ਜ਼ੀ ਦਾਰੋਂ ਕੇ ਜੀ ਛੂਟ ਗਏ ਸਭ 'ਕਵੀ' ਹਾਰੇ
ਮਾਸੂਮ ਸੇ ਬਾਜ਼ੀ ਵੁਹ ਸਭੀ ਲਸ਼ਕਰੀ ਹਾਰੇ
ਕਮਜ਼ੋਰ ਸੇ ਨਿਰਬਲ ਸੇ ਹਜ਼ਾਰੋਂ ਬਲੀ ਹਾਰੇ
ਮੈਦਾਂ ਮੇਂ ਜਬ ਭਾਈ ਕਾ ਲਾਸ਼ਾ ਨਜ਼ਰ ਆਇਆ।
ਘੋੜੇ ਸੇ ਵੁਹ ਮਾਸੂਮ 'ਦਿਲਾਵਰ' ਉਤਰ ਆਇਆ।
ਸਰ ਗੋਦ ਮੇਂ ਲੇ ਕਰ ਕਹਾ ਭਾਈ ਸੇ,'ਬੋਲੋ'
ਇਸ 'ਖ਼ਾਬੇ-ਗਿਰਾਂ' ਸੋ ਕਹੀਂ ਹੁਸ਼ਿਆਰ ਤੋ ਹੋ ਲੋ
ਹਮ ਕੌਨ ਹੈਂ ਦੇਖੋਂ ਤੋ ਜ਼ਰਾ ਆਂਖ ਤੋ ਖੋਲ੍ਹੋ
ਸੋਨੇ ਕੀ ਠਾਨੀ ਹੈ ਅਗਰ ਮਿਲ ਕੇ ਤੋ ਸੋ ਲੋ
ਭਾਈ ਤੁਮਹੇਂ ਜਬ 'ਗੰਜਿ ਸ਼ਹੀਦਾਂ' ਕੀ ਜ਼ਿਮੀਂ ਹੈ।
ਠਾਨੀ ਹੁਈ ਹਮ ਨੇ ਭੀ ਬਸੇਰੇ ਕੀ ਯਹੀਂ ਹੈ।੩੭।
ਇਤਨੇ ਮੇਂ 'ਖਦੰਗ' ਆ ਕੇ ਲਗਾ ਹਾਇ ਜਿਗਰ ਮੇਂ
ਥਾ ਤੀਰ ਕਲੇਜੇ ਮੇਂ ਯਾ ਕਾਂਟਾ ਗੁਲਿ ਤਰ ਮੇਂ
'ਤਾਰੀਕ' ਜ਼ਮਾਨਾ ਹੁਆ ਸਤਿਗੁਰ ਕੀ ਨਜ਼ਰ ਮੇਂ
ਤੂਫਾਨ ਉਠਾ, ਖਾਕ ਉੜੀ, 'ਬਹਰ' ਮੇਂ 'ਬਰ' ਮੇਂ
ਤਿਉਰਾਕੇ ਗਿਰਾ ਲਖ਼ਤਿ ਜਿਗਰ ਲਖ਼ਤਿ ਜਿਗਰ ਪਰ।
ਕਿਆ ਗੁਜ਼ਰੀ ਹੈ ਇਸ ਵਕਤ ਕਹੂੰ ਕਿਆ ਮੈਂ ਪਿਦਰ ਪਰ।

# ਕਹਿਰੀ ਰਾਤ ਖ਼ੂਨੀ ਦਿਨ

*[ਭਾਈ ਵਿਧਾਤਾ ਸਿੰਘ ਜੀ ਤੀਰ]*

*ਪਾਲਾ ਪੋਹ ਦਾ ਕੱਕਰੀ ਰਾਤ ਕਹਿਰੀ, ਨਰਕੀ ਅੱਗ ਨੂੰ ਵੀ ਪਈ ਠਾਰਦੀ ਸੀ।*
*ਆਵੇ ਮਘਦੇ ਹੋ ਗਏ ਬਰਫ ਠੰਢੇ, ਠੰਢੀ ਜਾਨ ਹੋ ਰਹੀ ਅੰਗਿਆਰ ਦੀ ਸੀ।*
*ਐਸੀ ਠੰਢ ਵਿਚ ਠੰਢ ਦਸਮੇਸ਼ ਜੀ ਦੀ, ਠੰਢੇ ਬੁਰਜ ਵਿਚ ਸਮਾਂ ਗੁਜ਼ਾਰਦੀ ਸੀ।*
*ਕਦੇ ਪੁੱਤ ਤੇ ਵਰਤੀਆਂ ਸੋਚਦੀ ਸੀ, ਕਦ ਪੋਤਿਆਂ ਤੇ ਝਾਤੀ ਮਾਰਦੀ ਸੀ।*

*ਭਰੇ ਭਰੇ ਸਨ ਜਾਪਦੇ ਨੈਣ ਬੁੱਢੇ, ਨੈਣ-ਛਾਬਿਆਂ ਤੇ ਦੁਖ ਤੋਲ ਰਹੀ ਸੀ।*
*ਠੰਡੇ ਬੁਰਜ ਅੰਦਰ ਗੋਦੀ ਲੈ ਪੋਤੇ, ਕੁਝ ਇਸ ਤਰ੍ਹਾਂ ਦੇ ਬੋਲ ਬੋਲ ਰਹੀ ਸੀ*

*'ਮੇਰੇ ਚੰਦ ਦੇ ਚਾਨਣੋ! ਜੀਓ ਜਾਗੋ, ਵੇ ਮੈਂ ਚੌਖੰਨੇ ਵਾਰਨੇ ਲੱਖ ਬੱਚਾ!*
*ਦੋਹਾਂ ਉਤੇ ਦਸਮੇਸ਼ ਦਾ ਰਹੇ ਸਾਇਆ, ਹੋਇ ਦੋਹਾਂ ਨੂੰ ਦਾਦੇ ਦੀ ਰੱਖ ਬੱਚਾ!*
*ਦਸਣ ਜ਼ੁਲਮ ਦੇ ਪਏ ਅਨੁਮਾਨ ਮੈਨੂੰ, ਕੀਤੇ ਜਾਓਗੇ ਦਾਦੀ ਤੋਂ ਵੱਖ ਬੱਚਾ!*
*ਲੌ ਮੈਂ ਜਾਗਦੀ ਹਾਂ, ਦੋਵੇਂ ਦੋ ਘੜੀਆਂ, ਅਜ ਲਾ ਲਵੋ ਅੰਤਲੀ ਅੱਖ ਬੱਚਾ!*

*ਕਰ ਜਾਓ ਅਜ ਦਾਦੀ ਦੀ ਗੋਦ ਨਿੱਘੀ, ਕਿਉਂਕਿ ਕਲ੍ਹ ਜਾ ਕੇ ਫੇਰੀ ਪਾਓਗੇ ਨਾ।*
*ਚਲੇ ਜਾਓਗੇ 'ਦਾਦੇ' ਦੀ ਗੋਦ ਅੰਦਰ, ਮੁੜ ਕੇ ਦਾਦੀ ਦੀ ਗੋਦ ਵਿਚ ਆਓਗੇ ਨਾ।*

*ਦੁੱਧੀਂ ਧੋਤਿਓ ਦਾਦੀ ਦੇ ਪੋਤਿਓ ਵੇ, ਕਹਿੰਦਾ ਦਿਲ ਅਜ ਰੀਝ ਪੁਗਾ ਲਵਾਂ ਮੈਂ।*
*ਨੈਣੋਂ ਸਿਹਰੇ ਪਰੋ ਕੇ ਮੋਤੀਆਂ ਦੇ, ਸੋਹਣੇ ਸਿਰਾਂ ਤੇ ਹੱਥੀਂ ਸਜਾ ਲਵਾਂ ਮੈਂ।*
*ਜੰਞੇ ਚੜ੍ਹੋਗੇ ਚੰਨਿਓ ਦੋਇ ਤੜਕੇ, ਫੇਰ ਘੋੜੀਆਂ ਕਿਉਂ ਨਾ ਗਾ ਲਵਾਂ ਮੈਂ।*
*ਤੁਸੀਂ ਅੱਖ ਲਾ ਅਵਾਜ਼ ਦੇ ਕੇ, ਅੰਮੀ ਦੋਹਾਂ ਦੀ ਕੋਲ ਬੁਲਾ ਲਵਾਂ ਮੈਂ।*

*ਆਖਾਂ ਵੇਖ ਨੀ! ਆਣ ਕੇ ਵੇਖ ਜੀਤਾਂ, ਘੋੜੀ ਚੜ੍ਹਦਿਆਂ ਤੋਂ ਪਾਣੀ ਵਾਰ ਲੈ ਨੀਂ।*
*ਕਲ੍ਹ ਨਜ਼ਰ ਨਹੀਂ ਆਵਣੇ ਚੰਦ ਤੈਨੂੰ, ਵੇਖ ਵੇਖ ਅਜ ਅੱਖੀਆਂ ਠਾਰ ਲੈ ਨੀਂ।*

*ਏਦਾਂ ਰਾਤ ਗੁਜ਼ਰੇ ਮਾਤਾ ਗੁੱਜਰੀ ਦੀ, ਕਦੇ ਗਾਇ ਘੋੜੀ, ਕਦੇ ਰੋ ਉੱਠੇ।*
*ਨੈਣੀਂ ਓਸ ਦੀ ਕਦੇ ਅਨ੍ਹੇਰ ਵਰਤੇ, ਕਦੇ ਬੁੱਢਿਆਂ ਨੈਣਾਂ ਚੋਂ ਲੋਅ ਉੱਠੇ।*
*ਕਦੇ ਮੂੰਹ-ਮੱਥਾ ਚੁੰਮੇ ਪੋਤਿਆਂ ਦਾ, ਕਦੇ ਗਾਏ ਲੋਰੀ ਕਮਲੀ ਹੋ ਉੱਠੇ।*
*ਜਾਣੇ ਰੱਬ ਜਾਂ ਗੁੱਜਰੀ ਆਪ ਜਾਣੇ, ਉਸ ਦੇ ਦਿਲ ਅੰਦਰ ਦਰਦ ਜੋ ਉੱਠੇ।*

*ਕਦੇ ਆਹ ਭਰਦੀ, ਕਦੇ ਅੱਖ ਭਰਦੀ, ਕਦੇ ਰੋਂਵਦੀ, ਕਦੇ ਮੁਸਕਾਂਵਦੀ ਸੀ।*
*ਕਦੇ ਸੋਚ-ਸਾਗਰ ਅੰਦਰ ਖਾਏ ਗੋਤੇ, ਕਦੇ ਇਸ ਤਰ੍ਹਾਂ ਘੋੜੀਆਂ ਗਾਂਵਦੀ ਸੀ :*

*'ਮੇਰੇ ਨਿੱਕਿਓ ਲਾਡ-ਲਡਿਕਿਓ ਵੇ, ਕਰਿਓ ਪਾਸ ਵੱਡਾ ਇਮਤਿਹਾਨ ਚੰਨੋ!*
*ਦੇਗ ਉਬਲਦੀ ਰੱਖਿਓ ਦਿਲਾ ਅੰਦਰ, ਤੱਤੀ ਤਵੀ ਦਾ ਧਾਰ ਧਿਆਨ ਚੰਨੋ!*
*ਦਿਲੋਂ ਚਾਂਦਨੀ ਚੌਕ ਨੂੰ ਭੁੱਲਿਓ ਨਾ, ਮੇਰੇ ਚੰਦ ਦੀ ਰਖਿਓ ਸ਼ਾਨ ਚੰਨੋ!*
*ਧਰਮ ਹਾਰ ਕੇ ਜੀਵਣਾ ਮੰਨਿਓ ਨਾ, ਕਰਨੀ ਹੱਸ ਕੇ ਮੌਤ ਪਰਵਾਨ ਚੰਨੋ!*

*ਮੈਂ ਤਾਂ ਪੋਤਰੇ-ਨੂੰਹਾਂ ਨੂੰ ਤਾਂਘਦੀ ਸਾਂ, ਮੌਤ ਨਾਲ ਪਰ ਸੁੱਧਿਆ ਸਾਹ ਬੱਚਾ!*
*ਹੱਛਾ ਉਹ ਜਾਣੇ, ਪਰ ਮੈਂ ਕਿਸੇ ਕੋਲੋਂ, ਲੱਗੀ ਧਰਮ ਨੂੰ ਸੁਣਾਂ ਨਾ ਵਾਹ ਬੱਚਾ।*

*ਦੋਵਾਂ ਮੋਹ ਤੇ ਜਿੰਦਕ ਦੀ ਬਣੀ ਮੂਰਤ ਦਾਦੀ ਸਾਂਭਦੀ ਪਈ ਸੀ ਗੋਤਿਆਂ ਨੂੰ।*
*ਕਿਸੇ ਕੜਕ ਕੇ ਆਖਿਆ ਬੁਰਜ ਹੇਠੋਂ, ਸਾਨੂੰ ਪਹਿਰ ਹੋ ਗਿਆ ਖਲੋਤਿਆਂ ਨੂੰ।*
*ਗੂੜੀ ਨੀਂਦ ਨਹੀਂ ਸੋਭਦੀ ਕੈਦੀਆਂ ਨੂੰ ਮਾਈ! ਛੱਡ ਹੁਣ ਲੰਮਿਆ ਸੋਤਿਆਂ ਨੂੰ।*
*ਅੱਗੇ ਪੁੱਤ ਤਾਂ ਹਥੋਂ ਗੁਆ ਲਿਆ ਈ, ਭਲਕੇ ਰੋ ਰੋ ਲਭੇਂਗੀ ਪੋਤਿਆਂ ਨੂੰ।*

*ਸੂਬੇ ਦੋਹਾਂ ਨੂੰ ਸਾਹਮਣੇ ਸੱਦਿਆ ਹੈ, ਦੋਹਾਂ ਤਾਂਈ ਸਰਕਾਰ ਉਡੀਕਦੀ ਹੈ।*
*ਤੇਰੀ ਗੋਦ ਦੇ ਫੁੱਲਾਂ ਨੂੰ ਬੁੱਢੀਏ ਨੀ, ਕੰਧ ਅਤੇ ਤਲਵਾਰ ਉਡੀਕਦੀ ਹੈ।*

*ਸੁਣ ਕੇ ਇਹ, ਗੁਜਰੀ ਉੱਤੋਂ ਮੌਤ ਗੁਜਰੀ, ਤਾਂ ਵੀ ਝਟ ਜਗਾਏ ਉਸ ਲਾਲ ਦੋਵੇਂ।*
*ਚੁੰਮ ਚੁੰਮ ਕੇ ਦੋਹਾਂ ਦੇ ਮੂੰਹ ਧੋਤੇ, ਲਾਏ ਘੱਟ ਕਲੇਜੇ ਦੇ ਨਾਲ ਦੋਵੇਂ।*
*ਟੁਰੇ ਪੋਤਰੇ ਦਾਦੀ ਨੂੰ ਟੇਕ ਮਥਾ, ਮੂੰਹੋਂ ਆਖ 'ਸਤਿ ਸ੍ਰੀ ਅਕਾਲ' ਦੋਵੇਂ।*
*ਸ਼ਾਮੀਂ ਪਿਆ ਰੌਲਾ ਥਾਂ ਥਾਂ ਹੋਣ ਗੱਲਾਂ, "ਮਾਰੇ ਗਏ ਬੇਦੋਸ਼ ਹਨ ਬਾਲ ਦੋਵੇਂ।"*

*ਕਿਵੇਂ? ਕੀ ਹੋਇਆ? ਹੋਣੀ ਕੀ ਵਰਤੀ? ਸੂਰਜ ਜਾਣਦਾ ਏ, ਜਾਂ ਵਿਚ ਚੰਦ ਜਾਣੇ।*
*ਦਸੇ ਕਲਮ ਤਾਂ ਦੰਦਣਾਂ ਪੈਂਦੀਆਂ ਸੁ, ਖ਼ੂਨੀ ਕੰਧ ਜਾਣੇ ਜਾਂ ਸਰਹੰਦ ਜਾਣੇ।*

---

# ਅਮਰ ਸ਼ਹੀਦ ਦਸਮੇਸ਼ ਦੁਲਾਰੇ

*[ਗਿ. ਗੋਪਾਲ ਸਿੰਘ ਜੀ 'ਮਿੱਤਰ']*

ਕਿਸੇ ਜੀਤ ਖ਼ਾਨ ਤੋਂ 'ਅਜੀਤ' ਗਿਆ ਜਿੱਤਿਆ ਨਾ, ਹਾਰ ਗਈ 'ਹਾਰ', ਪਰ ਅਜੀਤ ਨਹੀਂ ਹਾਰਿਆ।
ਸ਼ੇਰ ਵਾਂਗ ਗੱਜਿਆ ਮੈਦਾਨ 'ਚਮਕੌਰ' ਵਿਚ, ਵੈਰੀ ਦਲਾਂ ਵਿਚ ਪਾ ਦਿੱਤੀ ਹਾਲ ਪਾਹਰਿਆ।
ਸਿਰ ਉਹਦਾ ਕੱਦੂ ਵਾਂਗ ਕਟਿਆ ਤਲਵਾਰ ਨਾਲ, ਜਿਸ ਨੇ ਵੀ ਵਿਚ ਮੈਦਾਨ ਦੇ ਵੰਗਾਰਿਆ।
ਆਣ ਅਣਖ ਦੇਸ਼ ਦੀ ਬਚਾਣ ਲਈ ਵਾਰੀ ਜਾਨ, ਅਰਸ਼ਾਂ ਤੋਂ 'ਮਿੱਤਰ' ਦੇਵੀ ਦੇਵਾਂ ਨਮਸਕਾਰਿਆ।

ਜੂਝਿਆ 'ਜੁਝਾਰ' ਪਾਈ ਰਣ ਵਿਚ ਹਾਹਾਕਾਰ, ਵਡੇ ਵਡੇ ਜੋਧਿਆਂ ਦੀ ਕੰਬ ਜਿੰਦ ਜਾਨ ਗਈ।
ਆਹੂ ਲਾਹੇ ਜ਼ਾਲਮਾਂ ਦੇ ਰੱਜ ਰਣ-ਖੇਤ ਵਿਚ, ਲਾਲ ਹੋਈ ਧਰਤ ਮਾਨੋ ਹੋ ਲਹੂ ਲੁਹਾਨ ਗਈ।
ਕਰਦੀ ਗਈ ਸਾਫ਼ ਵੈਰੀ ਦਲਾਂ ਤਾਈਂ ਰੁਖਾਂ ਵਾਂਗ, ਜੇਹੜੇ ਪਾਸੇ ਚਲਦੀ ਸੀ ਸ਼ੇਰ ਦੀ ਕਿਰਪਾਨ ਗਈ।
ਗਈ ਰੂਹ ਅੰਤ ਸਚਖੰਡ ਨੂੰ ਉਡਾਰੀ ਮਾਰ, ਸਦਾ ਲਈ ਦੇਸ਼ ਉੱਤੇ ਕਰ ਅਹਿਸਾਨ ਗਈ।

ਜਦੋਂ ਤੀਕ ਕਾਇਮ ਨੇ ਸੂਰਜ ਤੇ ਚੰਨ ਤਾਰੇ, ਤਦੋਂ ਤੀਕ ਯਾਦ ਕਾਇਮ ਰਹਿਸੀ ਦੁਲਾਰਿਆਂ ਦੀ।
ਚੰਦਰਮੇ ਦੇ ਵਾਂਗ ਕਰੂ ਚਾਨਣਾ ਹਨੇਰੇ ਵਿਚ, ਅਮਰ ਕਹਾਣੀ ਦਸਮੇਸ਼-ਅੱਖ-ਤਾਰਿਆਂ ਦੀ।
ਲਹੂ ਨਾਲ ਲਿਖੀ ਇਤਿਹਾਸ ਦਿਆਂ ਪੰਨਿਆਂ ਤੇ, ਉਲੀਕੀ ਹੋਈ ਰਾਹ ਇਨ੍ਹਾਂ ਗੁਜਰੀ-ਪਿਆਰਿਆਂ ਦੀ।
ਚੁੱਕ ਚੁੱਕ ਲਾਵੇ ਮੱਥੇ ਚਰਨ ਧੂੜ 'ਮਿੱਤਰ' ਵੀ ਅਜੀਤ ਤੇ ਜੁਝਾਰ, ਜ਼ੋਰਾਵਰ ਫ਼ਤਹ ਸਾਰਿਆਂ ਦੀ।

# ਪੋਹ ਮਹੀਨੇ ਦੀ ਅਰਥ-ਵਿਆਖਿਆ

ਪਦ ਅਰਥ-ਪੋਖਿ-ਪੋਹ ਮਹੀਨੇ ਵਿਚ। ਤੁਖਾਰੁ-ਪਾਲਾ, ਠੰਢ, ਬਰਫ਼। ਨ ਵਿਆਪਈ-ਨਹੀਂ ਪੋਂਹਦੀ। ਕੰਠਿ-ਗਲ ਨਾਲ। ਨਾਹੁ-ਪਤੀ ਪਰਮੇਸ਼ਰ। ਬੇਧਿਆ-ਵਿੰਨ੍ਹਿਆ ਜਾਂਦਾ ਹੈ। ਚਰਨਾਰਬਿੰਦ-ਚਰਨ ਕਮਲਾਂ ਨਾਲ। ਦਰਸਨਿ-ਦਰਸ਼ਨ ਵਿਚ। ਬਾਹੁ-ਸਵਾਸ। ਓਟ-ਆਸਰਾ। ਲਾਹੁ-ਲਾਭ। ਬਿਖਿਆ-ਬਿਖ ਰੂਪ ਮਾਇਆ। ਸਾਧੂ-ਸਤਿਗੁਰੂ। ਗੁਣ ਗਾਹੁ-ਗੁਣਾਂ ਦੀ ਡੂੰਘਿਆਈ। ਜਹ ਤੇ ਉਪਜੀ-ਜਿਸ ਪ੍ਰਭੂ ਤੋਂ ਉਤਪੰਨ ਹੋਈ। ਸਮਾਹੁ-ਸਮਾਈ, ਲੀਨਤਾ। ਕਰ ਗਹਿ ਲੀਨੀ-ਹੱਥ ਫੜ ਕੇ ਅਪਣਾਅ ਲਈ। ਪਾਰਬ੍ਰਹਮਿ-ਪ੍ਰਭੂ ਨੇ। ਬਹੁੜ-ਮੁੜ, ਫਿਰ। ਬਾਰਿ-ਵਾਰਨੇ। ਬੇਰੀਆ-ਵਾਰੀ। ਅਗਮ ਅਗਾਹੁ-ਅਪਹੁੰਚ ਤੋਂ ਅਥਾਹ ਪ੍ਰਭੂ। ਸਰਮ ਪਈ-ਇੱਜ਼ਤ ਰਖਣੀ ਪਈ। ਦਰ-ਦਰ ਉਤੇ। ਸੋਹੰਦਾ-ਸੋਹਣਾ ਲਗਦਾ ਹੈ।

ਅਰਥ-(ਉਸ ਜੀਵ-ਇਸਤ੍ਰੀ ਨੂੰ) ਪੋਹ ਦੇ ਮਹੀਨੇ ਵਿਚ ਠੰਢ ਨਹੀਂ ਵਿਆਪ ਸਕਦੀ ਜਿਸ ਦੇ ਗਲ (ਹਿਰਦੇ) ਨਾਲ ਹਰੀ ਪ੍ਰਭੂ-ਪਤੀ ਲਗਾ ਹੁੰਦਾ ਹੈ, (ਕਿਉਂਕਿ ਉਸ ਗੁਰਮੁਖਿ ਜੀਵ-ਇਸਤ੍ਰੀ ਦਾ) ਮਨ ਪ੍ਰਭੂ ਦੇ ਚਰਨ-ਕੰਵਲਾਂ ਵਿਚ ਵਿੰਨ੍ਹਿਆ ਹੁੰਦਾ ਹੈ ਅਤੇ ਉਸ ਦਾ ਇਕ ਇਕ ਸਵਾਸ ਪ੍ਰਭੂ-ਦਰਸ਼ਨਾਂ ਵਿਚ ਲਗਾ ਹੁੰਦਾ ਹੈ।

(ਉਸ ਗੁਰਮੁਖਿ ਜੀਵ-ਇਸਤ੍ਰੀ ਨੂੰ) ਗੋਪਾਲ ਗੋਬਿੰਦ ਪ੍ਰਭੂ ਦੀ ਓਟ ਹੁੰਦੀ ਹੈ ਅਤੇ ਉਸ ਨੇ ਆਪਣੇ) ਸੁਆਮੀ ਪ੍ਰਭੂ ਦੀ (ਨਾਮ-ਸਿਮਰਨ ਦੀ) ਸੇਵਾ ਦਾ ਲਾਭ ਹੀ ਖਟਿਆ ਹੁੰਦਾ ਹੈ। ਉਸ ਨੂੰ ਬਿਖ ਰੂਪ ਮਾਇਆ ਪੋਹ ਨਹੀਂ ਸਕਦੀ, ਕਿਉਂਕਿ ਉਸ ਨੇ ਸਾਧੂ -ਸਤਿਗੁਰੂ ਨੂੰ ਮਿਲ ਕੇ ਵਾਹਿਗੁਰੂ-ਜਸ ਦੇ ਗੁਣਾਂ ਵਿਚ ਚੁਭੀ ਲਾਈ ਹੁੰਦੀ ਹੈ।(ਉਹ ਗੁਰਮੁਖਿ ਇਸਤ੍ਰੀ) ਜਿਸ ਪ੍ਰਭੂ ਤੋਂ ਉਪਜੀ ਹੈ, ਉਸੇ ਵਿਚ ਮਿਲੀ ਰਹਿੰਦੀ ਹੈ ਅਤੇ ਸੱਚੀ ਪ੍ਰੀਤ ਵਿਚ ਉਸ ਦੀ ਲੀਨਤਾ ਹੋਈ ਹੁੰਦੀ ਹੈ।

ਪਾਰਬ੍ਰਹਮ-ਪ੍ਰਭੂ (ਉਸ ਗੁਰਮੁਖਿ ਜੀਵ-ਇਸਤ੍ਰੀ ਦਾ) ਹੱਥ ਫੜ ਕੇ ਉਸ ਨੂੰ ਐਸਾ ਅਪਣਾਅ ਲੈਂਦਾ ਹੈ, ਆਪਣੇ ਨਾਲ ਮੇਲ ਲੈਂਦਾ ਹੈ ਕਿ ਮੁੜ ਉਸ ਗੁਰਮੁਖ-ਇਸਤ੍ਰੀ ਦਾ (ਪ੍ਰਭੂ-ਚਰਨਾਂ ਨਾਲ) ਵਿਛੋੜਾ ਨਹੀਂ ਹੁੰਦਾ।

(ਸਤਿਗੁਰੂ ਫ਼ੁਰਮਾਉਂਦੇ ਹਨ ਕਿ ਜਿਹੜਾ ਪ੍ਰਭੂ ਗੁਰਮੁਖ ਜੀਵ-ਇਸਤ੍ਰੀਆਂ ਨੂੰ ਆਪਣੇ ਨਾਲ ਮਿਲਾਵਣਹਾਰ ਹੈ) ਉਸ ਅਪਹੁੰਚ ਅਤੇ ਅਥਾਹ ਸਜਣ-ਪ੍ਰਭੂ ਤੋਂ ਮੈਂ ਲਖਾਂ ਵਾਰੀ ਵਾਰਨੇ ਜਾਂਦਾ ਹਾਂ।

(ਕਹਿੰਦੇ ਹਨ) ਹੇ ਨਾਨਕ! ਉਸ ਦੇ ਦਰ ਉੱਤੇ ਢਠਿਆਂ ਦੀ ਨਾਰਾਇਣ ਪ੍ਰਭੂ ਨੂੰ ਇੱਜ਼ਤ ਰਖਣੀ ਪੈਂਦੀ ਹੈ। ਪੋਹ ਮਹੀਨਾ ਉਸ ਲਈ ਸੋਹਣਾ ਹੈ ਅਤੇ ਉਸ ਨੂੰ ਸਾਰੇ ਸੁਖ ਪ੍ਰਾਪਤ ਹੁੰਦੇ ਹਨ, ਜਿਸ ਜੀਵ-ਇਸਤ੍ਰੀ ਉਤੇ ਬੇਪਰਵਾਹ ਪ੍ਰਭੂ ਬਖਸ਼ਸ਼ ਕਰਦਾ ਹੈ।

ਵਿਆਖਿਆ - ਪੋਹ ਮਹੀਨੇ ਦੁਆਰਾ ਸਤਿਗੁਰੂ ਜੀ ਇਹ ਤੱਥ ਉਘੇੜਦੇ ਹਨ ਕਿ ਜਿਨ੍ਹਾਂ ਗੁਰਮੁਖ ਪਿਆਰਿਆਂ ਨੂੰ ਪ੍ਰਭੂ-ਚਰਨਾਂ ਦੀ ਪ੍ਰੀਤੀ ਲਗ ਜਾਂਦੀ ਹੈ, ਜੋ ਊਠਤ ਬੈਠਤ ਸੋਵਤ ਨਾਮ-ਸਿਮਰਨ ਵਿਚ ਸੁਰਤੀ ਜੋੜੀ ਰਖਦੇ ਹਨ, ਉਨ੍ਹਾਂ ਨੂੰ ਪ੍ਰਭੂ-ਦਰਸ਼ਨਾਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਭਾਂਵਦਾ, ਗੁਰ ਫ਼ੁਰਮਾਨ ਹੈ -

***ਚਰਨ ਕਮਲ ਸਿਉ ਪ੍ਰੀਤਿ ਸੰਤਨ ਮਨਿ ਆਵਏ ਜੀਉ॥***
***ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ॥***
***ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ॥***

ਅਤੇ

***ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ॥੧॥*** ***ਅੰਗ - ੮●***

*ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ॥*
*ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ॥੭॥ ਅੰਗ - ੪੪੪*

ਅਜਿਹੇ ਚਰਨ-ਕਮਲ-ਬੋਧ ਜੀਉੜਿਆਂ ਨੂੰ ਦੁਨੀਆ ਦੇ ਕੀਮਤੀ ਤੋਂ ਕੀਮਤੀ ਪਦਾਰਥ ਸੋਨਾ, ਮੋਤੀ ਹੀਰੇ ਅਤੇ ਹਾਥੀਆਂ ਦੀ ਸਵਾਰੀ ਆਦਿ ਕਿਸੇ ਪਦਾਰਥ ਦੀ ਲਾਲਸਾ ਨਹੀਂ ਹੁੰਦੀ, ਉਨ੍ਹਾਂ ਦੁਨੀਆ ਦੇ ਰਾਜ ਭਾਗ ਅਤੇ ਹੁਕਮ ਚਲਾਉਣ ਆਦਿ ਦੀ ਕੋਈ ਵੀ ਤ੍ਰਿਸ਼ਨਾ ਨਹੀਂ ਹੁੰਦੀ, ਸਿਵਾਇ ਪ੍ਰਭੂ-ਪ੍ਰੀਤੀ ਦੇ; ਜਿਹਾ ਕਿ ਫੁਰਮਾਨ ਹੈ -

*ਓਹ ਪ੍ਰੇਮ ਪਿਰੀ॥੧॥ਰਹਾਉ॥ ਕਨਿਕ ਮਾਨਿਕ ਗਜ ਮੋਤੀਅਨ ਲਾਲਨ, ਨਹ ਨਾਹ ਨਹੀ॥੧॥*
*ਰਾਜ ਨ ਭਾਗ ਨ ਹੁਕਮ ਨ ਸਾਦਨ॥ ਕਿਛੁ ਕਿਛੁ ਨ ਚਾਹੀ॥*
*ਚਰਨਨ ਸਰਨਨ ਸੰਤਨ ਬੰਦਨ॥ ਸੁਖੋ ਸੁਖੁ ਪਾਹੀ॥*
*ਨਾਨਕ ਤਪਤਿ ਹਰੀ॥ ਮਿਲੇ ਪ੍ਰੇਮ ਪਿਰੀ॥੩॥੩॥੧੪੩॥ ਅੰਗ - ੪੦੬-੦੭*

ਐਸੇ ਚਰਨ-ਕਮਲ-ਬੋਧਿਆਂ ਅਤੇ ਨਾਮ-ਰਤੇ ਵਿਅਕਤੀਆਂ ਨੂੰ ਪੋਹ ਮਹੀਨੇ ਦਾ ਪਾਲਾ ਜਾਂ ਕੀ ਕਰ ਸਕਦੀ ਹੈ, ਕਿਉਂਕਿ ਉਨ੍ਹਾਂ ਨੂੰ ਦਰਸਨੁ ਹਰਿ ਦੇਖਣ ਕੈ ਤਾਈ ਦੀ ਐਸੀ ਲਲਕ ਲਗੀ ਹੁੰਦੀ ਹੈ ਕਿ -

*ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ॥੨੨॥ ਅੰਗ - ੭੫੯*

ਅਤੇ -

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥੧੩॥*
*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰੁ ਪਹਿ ਜਾਈ॥੧੪॥*
*ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥੧੫॥ ਅੰਗ - ੭੫੭*

ਇਹੋ ਹੀ ਦਸ਼ਾ ਸੀ ਬਾਬਾ ਅਮਰ ਦਾਸ ਜੀ ਦੀ ਜਦੋਂ ਉਹ ਗੁਰੂ ਅੰਗਦ ਸਾਹਿਬ ਦੇ ਚਰਨਾਂ ਵਿਚ ਜੁਟੇ ਹੋਏ ਅਨਿੰਨ ਸੇਵਾ ਨਿਭਾਂਦੇ ਰਹੇ। ਸਤ੍ਰ ਪਚੱਤਰ ਸਾਲ ਦੀ ਬਿਰਧ ਅਵਸਥਾ ਵਿਚ ਹਨੇਰੀਆਂ ਰਾਤਾਂ, ਸਿਆਲ ਦੀ ਠੱਕੇ ਦੀ ਠੰਢ, ਝਖੜ ਹਨੇਰੀਆਂ ਅਤੇ ਕੰਡਿਆਲਿਆਂ ਰਸਤਿਆਂ ਨੂੰ ਅੱਧੀ ਰਾਤੀ ਉਲੰਘ ਕੇ ਬਿਆਸਾ ਨਦੀ ਤੇ ਅਪੜਦੈ ਅਤੇ ਆਪ ਇਸ਼ਨਾਨਾ ਸੋਧ ਕੇ ਆਪਣੇ ਪ੍ਰੀਤਮ-ਸਤਿਗੁਰੂ ਦੇ ਇਸ਼ਨਾਨ ਲਈ ਪਾਣੀ ਦੀ ਗਾਗਰ ਭਰ ਕੇ, ਨਾਮ-ਰੰਗ-ਰਤਿਆ ਸੇਵਾ ਵਿਚ ਆ ਹਾਜ਼ਰ ਹੁੰਦੇ। ਆਮ ਸੰਸਾਰੀਆਂ ਨੂੰ ਐਸੀ ਭਿਆਨਕ ਸਰਦੀ ਵਿਚ ਰਜਾਈਆਂ ਤੋਂ ਬਾਹਰ ਮੂੰਹ ਕਢਣ ਦੀ ਵੀ ਹਿੰਮਤ ਨਹੀਂ ਪੈਂਦੀ, ਪਰ ਜਿਨ੍ਹਾਂ ਨੂੰ ਗੋਬਿੰਦ-ਪ੍ਰਭੂ ਦੇ ਚਰਨਾਂ ਦੀ ਓਟ ਹੁੰਦੀ ਹੈ ਉਨ੍ਹਾਂ ਨੂੰ ਆਪਣੇ ਸੁਆਮੀ ਸਤਿਗੁਰੂ ਦੀ ਸੇਵਾ ਦਾ ਐਸਾ ਪ੍ਰਬਲ ਉਮਾਹ ਉਤਸਾਹ ਹੁੰਦਾ ਹੈ ਕਿ ਉਨ੍ਹਾਂ ਨੂੰ ਕੋਈ ਝਖੜ ਹਨੇਰੀਆਂ, ਬਿਖੜੇ ਪੈਂਡੇ ਅਤੇ ਪਾਲਾ ਕਕਰ ਆਦਿ ਵਿਆਪ ਨਹੀਂ ਸਕਦੇ। ਇਸੇ ਸਿਧਾਂਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਬਾਰਹਮਾਹ ਵਿਚ ਨਿਖਾਰਿਆ ਹੈ ਕਿ ਪੋਹ ਮਹੀਨੇ ਵਿਚ, ਜਦੋਂ ਕਿ ਪਾਲਾ ਕਕਰ ਪੈ ਰਿਹਾ ਹੁੰਦਾ ਹੈ ਅਤੇ ਬ੍ਰਿਛਾਂ ਬੂਟਿਆਂ ਦਾ ਵੀ ਰਸ ਸੁਕ ਜਾਂਦਾ ਹੈ, ਤਾਂ ਪ੍ਰਭੂ-ਚਰਨਾਂ ਦੇ ਭੌਰਿਆਂ ਲਈ ਐਸੀ ਰੁੱਤ ਵਿਚ ਪ੍ਰਭੂ ਦਰਸ਼ਨਾਂ ਦੀ ਹੀ ਇਕੋ ਇਕ ਸਿੱਕ ਹੁੰਦੀ ਹੈ। ਫ਼ੁਰਮਾਨ ਹੈ -

*ਪੋਖਿ ਤੁਖਾਰੁ ਪੜੈ ਵਣੁ ਤਿਣੁ ਰਸੁ ਸੋਖ॥*
*ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥*
*ਅੰਗ - ੧੧੦੯*

ਐਸੇ ਵਿਅਕਤੀ ਸੱਚੀ ਪ੍ਰੀਤੀ ਦੇ ਕਾਰਨ ਪ੍ਰਭੂ-ਪ੍ਰੀਤਮ ਨਾਲ ਇਕ-ਮਿਕ ਹੋ ਜਾਂਦੇ ਹਨ ਅਤੇ ਪ੍ਰਭੂ-ਪਿਆਰਾ ਉਨ੍ਹਾਂ ਦੀ ਬਾਂਹ ਫੜ ਕੇ ਆਪਣੇ ਨਾਲ ਐਸਾ ਮੇਲਦਾ ਹੈ ਕਿ ਉਨ੍ਹਾਂ ਦਾ ਮੁੜ ਵਿਛੋੜਾ ਹੁੰਦਾ ਹੀ ਨਹੀਂ। ਇਸ ਪ੍ਰੀਤੀ ਦਾ ਜ਼ਿਕਰ ਗੁਰੂ ਰਾਮਦਾਸ ਜੀ ਇਉਂ ਕਰਦੇ ਹਨ -

*ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ॥*
*ਜੀਵਦੇ ਹਰਿ ਨਾਮੁ ਸਮਾਲੇ॥੭॥*
*ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ॥੭॥*
*ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ॥*
*ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ॥੮॥ ਅੰਗ - ੭੨੫*

ਐਸੇ ਦਰ-ਪਇਆਂ ਗੁਰਮੁਖੀ ਦੀ ਲਾਜ-ਪਤ ਪ੍ਰਭੂ ਆਪ ਰਖਦਾ ਹੈ। ਸਤਿਗੁਰੂ ਪਾਤਸ਼ਾਹ ਐਸੇ ਗੁਰੂ-ਪਿਆਰੇ ਗੁਰਸਿਖ-ਗੁਰਮੁਖਾਂ ਤੋਂ ਘੁਮ ਘੁਮ ਜਾਂਦੇ ਹਨ। ਹਾਂ ਜੀ, ਪੋਹ ਦਾ ਮਹੀਨਾ ਐਸੇ ਗੁਰੂ ਕੇ ਲਾਲਾਂ ਲਈ ਸੁਹਾਵਣਾ ਤੇ ਸ਼ੋਭਨੀਕ ਹੈ ਜਿਨ੍ਹਾਂ ਨੂੰ ਉਹ ਬੇਪਰਵਾਹ ਪ੍ਰਭੂ ਇਹ ਆਤਮਕ ਬਿਵਸਥਾ ਬਖਸ਼ਦਾ ਹੈ ਕਿ ਪਾਲੇ ਕਕਰ ਦੀ ਪਰਵਾਹ ਨਾ ਕਰਦਿਆਂ ਹੋਇਆਂ ਗੁਰ-ਪਰਮੇਸ਼ਰ ਦੇ ਚਰਨ ਅਤੇ ਦਰਸ਼ਨ ਪਰਸਨ ਲਈ ਉਨ੍ਹਾਂ ਦੇ ਅੰਦਰ ਸਦਾ ਚਾਅ ਬਣਿਆ ਰਹੇ। ਫ਼ੁਰਮਾਨ ਹੈ -

*ਬਿਸਰਤ ਨਾਹਿ ਮਨ ਤੇ ਹਰੀ॥*
*ਅਬ ਇਹ ਪ੍ਰੀਤ ਮਹਾ ਪ੍ਰਬਲ ਭਈ, ਆਨ ਬਿਖੈ ਜਰੀ॥ਰਹਾਉ॥ ਅੰਗ - ੧੧੨੧*

# ਸ਼ਹੀਦ ਸਾਹਿਬਜ਼ਾਦੇ

*[ਭਾਈ ਪਿਆਰਾ ਸਿੰਘ ਜੀ ਦਾਤਾ]*

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਵਿਚ ਪੱਕੇ ਤੌਰ ਤੇ ਰਿਹਾਇਸ਼ ਅਖ਼ਤਿਆਰ ਕਰ ਲਈ ਤੇ ਸਿੱਖੀ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਮਜ਼ਲੂਮਾਂ ਤੇ ਦੁਖੀਆਂ ਦੀ ਰੱਖਿਆ ਲਈ ਸਿੱਖਾਂ ਵਿਚ ਇਕ ਨਵੀਂ ਸਪਿਰਟ ਭਰੀ, ਤੇ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਪਿਤਾ ਜੀ ਦਾ ਉਹ ਵਾਕ ਸਿੱਧ ਕਰ ਵਿਖਾਇਆ, ਜਿਸ ਵਿਚ ਉਨ੍ਹਾਂ ਦੱਸਿਆ ਸੀ ਕਿ 'ਔਰੰਗਜ਼ੇਬ ਤਾਂ ਦੂਜੇ ਮਤ ਨੂੰ ਮਿਟਾਉਣਾ ਚਾਹੁੰਦਾ ਹੈ, ਪਰ ਉਸਦੇ ਜ਼ੁਲਮਾਂ ਨੂੰ ਖ਼ਤਮ ਕਰਨ ਲਈ ਇਕ ਤੀਜਾ ਪੰਥ ਪ੍ਰਗਟ ਹੋਣ ਵਾਲਾ ਹੈ।' ਸੋ ਗੁਰੂ ਗੋਬਿੰਦ ਸਿੰਘ ਜੀ ਨੇ ਤੀਜੇ ਧਰਮ, 'ਖਾਲਸਾ ਪੰਥ' ਦੀ ਨੀਂਹ ਵਿਸਾਖੀ ਵਾਲੇ ਦਿਨ ਰੱਖ ਦਿਤੀ।

ਬਸ ਅੱਜ ਤੋਂ ਦੁਨੀਆ ਵਿਚ ਕੋਈ ਨੀਚ-ਉਂਚ ਨਹੀਂ ਰਹੇਗਾ। ਛੋਟੀ ਤੋਂ ਛੋਟੀ ਜ਼ਾਤ ਦਾ ਮਨੁਖ, ਜਿਸਨੂੰ ਹਿੰਦੂ ਮਤ ਨੇ ਸਦੀਆਂ ਤੋਂ ਆਪਣੇ ਪੈਰਾਂ ਦੀ ਖ਼ਾਕ ਸਮਝ ਰੱਖਿਆ ਸੀ, ਅੱਜ ਅੰਮ੍ਰਿਤ ਛਕ ਕੇ ਦੁਨੀਆ ਦੇ ਬਰਾਬਰ ਖੜਾ ਹੋ ਸਕੇਗਾ। ਇਹ ਦਸਮ ਪਾਤਸ਼ਾਹ ਦਾ ਨਾਹਰਾ ਸੀ।

ਹਿੰਦੂ ਕੌਮ ਦੇ ਪਹਾੜੀ ਰਾਜੇ ਤੇ ਮੰਦਰਾਂ ਦੇ ਮਹਾਂ ਪੰਡਤ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ, ਕਿ ਚੂਹੜੇ ਚਮਾਰ ਆਦਿ ਨੀਵੀਆਂ ਜਾਤਾਂ ਦੇ ਲੋਕ ਉਹਨਾਂ ਦੇ ਮੁਕਾਬਲੇ ਵਿਚ ਆ ਸਕਣ। ਅੱਗੇ ਵਾਂਗ ਜਦ ਉਹ ਐਤਕਾਂ ਗੁਰੂ-ਦਰਬਾਰ ਵਿਚ ਗਏ ਤਾਂ ਕੰਮੀ-ਕਮੀਨ ਗੁਰ-ਦਰਬਾਰ ਵਿਚ ਇਕ ਥਾਂ ਬੈਠੇ ਨਜ਼ਰ ਆਏ। ਇਹ ਉਨ੍ਹਾਂ ਦੇ ਧਰਮ, ਅਣਖ ਤੇ ਵਡਿੱਤਣ ਨੂੰ ਸਿਧੀ ਚੁਨੌਤੀ ਸੀ। ਹੁਣ ਉਹਨਾਂ ਨੇ ਰਲ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਪੁਕਾਰ ਕੀਤੀ ਕਿ ਖ਼ਾਲਸਾ ਪੰਥ ਦੀ ਸਾਜਣਾ ਤੋਂ ਸਾਨੂੰ ਸਖ਼ਤ ਖ਼ਤਰਾ ਪੈਦਾ ਹੋ ਗਿਆ ਹੈ, ਤੇ ਜੇ ਔਰੰਗਜ਼ੇਬ ਇਸ ਨਵੇਂ ਖ਼ਤਰੇ ਨੂੰ ਸ਼ੁਰੂ ਵਿਚ ਹੀ ਦਬਾ ਦੇਵੇ ਤਾਂ ਚੰਗਾ ਹੈ, ਵਰਨਾ ਤਾਕਤ ਫੜ ਜਾਣ ਤੇ ਇਹ ਬਹੁਤਾ 'ਹਾਨੀਕਾਰਕ' ਹੋਵੇਗਾ। ਜਿਸ ਗੁਰੂ ਗੋਬਿੰਦ ਸਿੰਘ ਦੇ ਪਿਤਾ ਨੇ ਹਿੰਦੂ ਧਰਮ ਲਈ ਆਪਣੀ ਜਾਨ ਵਾਰ ਦਿੱਤੀ ਸੀ, ਉਸ ਦੇ ਸਾਜੇ 'ਖਾਲਸਾ ਪੰਥ' ਜਿਹੜਾ ਹਿੰਦੂ ਧਰਮ ਦੀ ਹਿਫਾਜ਼ਤ ਲਈ ਇਕ ਬੜੀ ਮਜ਼ਬੂਤ ਕੰਡਿਆਲੀ ਵਾੜ ਨਿਆਈਂ ਸੀ, ਨੂੰ ਮਿਟਾਣ ਲਈ, ਹਿੰਦੂ ਰਾਜਿਆਂ ਆਪਣੀ ਸੇਵਾ ਮੁਫ਼ਤ ਪੇਸ਼ ਕਰ ਦਿੱਤੀ।

ਨੌਵੇਂ ਗੁਰੂ ਜੀ ਦੀ ਸ਼ਹਾਦਤ ਪਿਛੋਂ ਔਰੰਗਜ਼ੇਬ ਸਮਝਦਾ ਸੀ ਕਿ ਨਵਾਂ ਖ਼ਤਰਾ ਟਲ ਗਿਆ ਹੈ, ਪਰ ਕੁਝ ਚਿਰ ਤੋਂ ਉਸਨੂੰ ਪੰਜਾਬੋਂ ਕਾਫ਼ੀ ਸ਼ਿਕਾਇਤਾਂ ਆ ਰਹੀਆਂ ਸਨ। ਨੇੜੇ ਤੇੜੇ ਦੇ ਹਾਕਮ ਤੇ ਸੂਬਾ ਪੰਜਾਬ ਗੁਰੂ ਜੀ ਦੀਆਂ ਤਿਆਰੀਆਂ ਤੋਂ ਦਿਲੀ ਹਕੂਮਤ ਨੂੰ ਵਕਤ ਸਿਰ ਖ਼ਬਰਦਾਰ ਕਰ ਰਹੇ ਸਨ।

ਹੁਣ ਜਦ ਹਿੰਦੂ ਰਾਜਿਆਂ ਦਾ ਬਿਨੈ-ਪੱਤਰ ਮਿਲਿਆ, ਤਦ ਉਸ ਇਕ ਤੀਰ ਨਾਲ ਦੋ ਸ਼ਿਕਾਰ ਕਰਨੇ ਚਾਹੇ। ਹਿੰਦੂ ਰਾਜਿਆਂ ਦੀ ਮਦਦ ਨਾਲ ਗੁਰੂ ਜੀ ਦੀ ਵਧਦੀ ਤਾਕਤ ਖ਼ਤਮ ਕਰ ਦਿਤੀ ਜਾਵੇ, ਸਿੱਖਾਂ ਤੇ ਹਿੰਦੂਆਂ ਨੂੰ ਆਪੋ ਵਿਚ ਲੜਾ ਕੇ ਹਿੰਦੂਆਂ ਦੀ ਰਹੀ ਸਹੀ ਤਾਕਤ ਵੀ ਮਿੱਟੀ ਵਿਚ ਮਿਲਾ ਦਿੱਤੀ ਜਾਵੇ।

ਦਿੱਲੀਓਂ ਹਿੰਦੂ ਪਹਾੜੀ ਰਾਜਿਆਂ, ਸੂਬਾ ਪੰਜਾਬ, ਤੇ ਹੋਰ ਛੋਟੇ ਮੋਟੇ ਜਾਗੀਰਦਾਰਾਂ ਨੂੰ ਹੁਕਮਨਾਮੇ ਪੁੱਜੇ, ਕਿ ਚੌਪਾਸਿਓਂ ਅਨੰਦਪੁਰ ਨੂੰ ਘੇਰ ਕੇ ਸਿੱਖ ਪੰਥ ਦਾ ਨਾਮੋ-ਨਿਸ਼ਾਂ ਮਿਟਾ ਦਿੱਤਾ ਜਾਵੇ।

ਇਸ ਵੇਲੇ ਅਨੰਦਪੁਰ ਦੇ ਕਿਲ੍ਹੇ ਨੁਮਾ ਕਸਬੇ ਵਿਚ ੧੦ ਕੁ ਹਜ਼ਾਰ ਸਿੱਖ ਮੌਜੂਦ ਸਨ। ਉਹਨਾਂ ਪਾਸ ਲੋੜੀਂਦੇ ਹਥਿਆਰਾਂ ਤੋਂ ਇਲਾਵਾ ਦੋ ਛੋਟੀਆਂ ਤੋਪਾਂ ਵੀ ਸਨ। ਪਰ ਮੁਕਾਬਲੇ ਵਿਚ ੧੦ ਲੱਖ ਦੇ ਕਰੀਬ ਪਹਾੜੀ ਤੇ ਤੁਰਕ ਸੈਨਾ ਨੇ ਘੇਰਾ ਘੱਤ ਲਿਆ ਸੀ। ਉਹਨਾਂ ਪਾਸ ਨਵੇਂ

ਹਥਿਆਰਾਂ ਨਾਲ ਲੈਸ, ਬੇਸ਼ੁਮਾਰ ਅਸਲਾਹ ਤੇ ਬਹੁਤ ਸਾਰੀਆਂ ਨਵੀਆਂ ਤੋਪਾਂ ਮੌਜੂਦ ਸਨ। ਸਿੱਖਾਂ ਅਗੋਂ ਡਟ ਕੇ ਮੁਕਾਬਲਾ ਕੀਤਾ, ਤੇ ਇਹ ਮੁਕਾਬਲਾ ਅੱਠ ਨੌਂ ਮਹੀਨੇ ਜਾਰੀ ਰਿਹਾ। ਬਾਹਰੋਂ ਹਰ ਕਿਸਮ ਦੀ ਮਦਦ ਆਉਣੀ ਬੰਦ ਹੋ ਗਈ ਤੇ ਅੰਦਰਲਾ ਜਮ੍ਹਾ ਕੀਤਾ ਰਾਸ਼ਨ ਤੇ ਸਿੱਕਾ-ਬਰੂਦ ਵੀ ਖ਼ਤਮ ਹੋ ਗਿਆ। ਇਸ ਮੁਸੀਬਤ ਦੇ ਬਾਵਜੂਦ ਗੁਰੂ ਜੀ ਅਨੰਦਪੁਰ ਛਡਣ ਲਈ ਤਿਆਰ ਨਹੀਂ ਸਨ, ਪਰ ਸਿੱਖਾਂ ਨੇ ਕਿਲ੍ਹਾ ਛੱਡ ਦੇਣ ਪੁਰ ਜ਼ੋਰ ਦਿਤਾ।

ਦੂਜੇ ਪਾਸਿਓਂ ਪਹਾੜੀ ਰਾਜਿਆਂ ਤੇ ਸ਼ਾਹੀ ਫ਼ੌਜ ਦੇ ਸਖਤ ਘੇਰੇ ਕਰਕੇ ਹਰ ਤਰ੍ਹਾਂ ਦੀ ਤੰਗੀ ਹੋਣ ਲਗ ਪਈ ਸੀ। ਪਹਾੜੀ ਰਾਜਿਆਂ ਨੇ ਗੁਰੂ ਜੀ ਵੱਲ ਇਕ ਪੰਡਤ ਨੂੰ ਆਟੇ ਦੀ ਗਊ ਬਣਾ ਕੇ ਘੱਲਿਆ, ਤੇ ਉਨ੍ਹਾਂ ਗਊ ਦੀ ਸੁਗੰਧ ਖਾ ਕੇ, ਅਤੇ ਤੁਰਕਾਂ ਕੁਰਾਨ ਦੀਆਂ ਕਸਮਾਂ ਖਾ ਕੇ ਵਾਅਦਾ ਕੀਤਾ, ਕਿ ਜੇ ਗੁਰੂ ਜੀ ਕਿਲ੍ਹਾ ਛਡ ਦੇਣ ਤਾਂ ਉਹ ਪਿੱਛਾ ਨਹੀਂ ਕਰਨਗੇ, ਤੇ ਸਾਰੇ ਅਨੰਦਪੁਰ-ਵਾਸੀਆਂ ਨੂੰ ਬਾ-ਹਿਫ਼ਾਜ਼ਤ ਨਿਕਲ ਜਾਣ ਦੇਣਗੇ।

ਗੁਰੂ ਜੀ ਨੇ ਇਸ ਚਿੱਠੀ ਤੇ ਬਿਲਕੁਲ ਵੀ ਯਕੀਨ ਨ ਕੀਤਾ, ਪਰ ਸਿੱਖ ਅਠ ਨੌਂ ਮਹੀਨੇ ਲੜ ਲੜ ਥੱਕ ਗਏ ਸਨ। ਉਹਨਾਂ ਹਰ ਹਾਲਤ ਵਿਚ ਕਿਲ੍ਹਾ ਛਡ ਦੇਣ ਤੇ ਜ਼ੋਰ ਦਿੱਤਾ, ਤੇ ਅਖ਼ੀਰ ਇਕ ਰਾਤ ਗੁਰੂ ਜੀ ਆਪਣੇ ਸਾਥੀਆਂ ਸਣੇ ਆਪਣੇ ਖ਼ੂਨ ਨਾਲ ਸਿੰਜੀ ਨਗਰੀ ਅਨੰਦਪੁਰ ਨੂੰ ਛੱਡ ਕੇ ਤੁਰ ਪਏ।

ਕਿਲ੍ਹਾ ਛੱਡਣ ਦੀ ਦੇਰ ਸੀ, ਕਿ ਵੈਰੀ ਚੁਪਾਸਿਓਂ ਟੁਟ ਕੇ ਪੈ ਗਿਆ। ਗਊ ਦੀ ਸੁਗੰਧਾ ਤੇ ਕੁਰਾਨ ਦੀਆਂ ਕਸਮਾਂ ਧਰੀਆਂ ਦੀਆਂ ਧਰੀਆਂ ਰਹਿ ਗਈਆਂ। ਗੁਰੂ ਜੀ ਤੇ ਉਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦੇ ਕੁਝ ਸਿੱਖਾਂ ਨਾਲ ਸਰਸੇ ਨਦੀਓਂ ਪਾਰ ਹੋ ਕੇ ਚਮਕੌਰ ਦੀ ਇਕ ਛੋਟੀ ਜਿਹੀ ਹਵੇਲੀ ਵਿਚ ਜਾ ਪਹੁੰਚੇ। ਮਾਤਾ ਗੁਜਰੀ ਜੀ ਦੋ ਛੋਟੇ ਬੱਚਿਆਂ ਸਮੇਤ ਇਕ ਹੋਰ ਰਾਹੇ ਪੈ ਗਏ, ਤੇ ਸਰਹੰਦ ਜਾ ਪਹੁੰਚੇ, ਜਿਥੇ ਉਨ੍ਹਾਂ ਦੇ ਨਿਜੀ ਨੌਕਰ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਾ ਦਿੱਤਾ। ਬਾਕੀ ਦੇ ਸਿੱਖ ਕੁਝ ਤਾਂ ਸਰਸਾ ਨਦੀ ਦੀ ਭੇਟ ਹੋ ਗਏ, ਤੇ ਬਹੁਤ ਸਾਰੇ ਸ਼ਹੀਦ ਹੋ ਗਏ।

ਬਾਕੀ ਬਚੇ ਖੁਚੇ ਸਿੰਘ ਜਿੱਧਰ ਕਿਸੇ ਦਾ ਮੂੰਹ ਆਇਆ, ਤੁਰ ਪਏ। ਕਿਲ੍ਹੇ ਵਿਚ ਨੌਂ ਮਹੀਨਿਆਂ ਵਿਚ ਇੰਨਾਂ ਨੁਕਸਾਨ ਨਹੀਂ ਸੀ ਹੋਇਆ, ਜਿੰਨਾ ਇਸ ਇਕ ਦਿਨ ਵਿਚ ਹੋ ਗਿਆ ਸੀ। ਪਰ ਹਾਲੇ ਵੀ ਮੁਸੀਬਤ ਟਲੀ ਨਹੀਂ ਸੀ। ਵੈਰੀ ਵਾਹੋ ਦਾਹੀ ਭੱਜਾ ਆ ਰਿਹਾ ਸੀ, ਤੇ ਚਮਕੌਰ ਅੱਪੜ ਕੇ ਉਸ ਨੇ, ਉਸ ਹਵੇਲੀ ਨੂੰ ਘੇਰ ਲਿਆ, ਜਿਸ ਵਿਚ ਗੁਰੂ ਜੀ ਚੰਦ ਗਿਣਤੀ ਦੇ ਸਿੰਘਾਂ ਸਮੇਤ ਠਹਿਰੇ ਹੋਏ ਸਨ।

ਉਂਗਲਾਂ ਤੇ ਗਿਣੇ ਜਾਣ ਵਾਲੇ ਸਿੰਘ ਵੀ ਜਦ ਇਕ ਇਕ ਕਰਕੇ ਸ਼ਹੀਦ ਹੁੰਦੇ ਦੇਖੇ, ਤਾਂ ਗੁਰੂ ਜੀ ਦਾ ਵੱਡਾ ਸਾਹਿਬਜ਼ਾਦਾ ਅਜੀਤ ਸਿੰਘ ਤਲਵਾਰ ਲੈ ਹਵੇਲੀਓਂ ਬਾਹਰ ਨਿਕਲਿਆ। ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡ ਉਹ ੧੭ ਸਾਲਾਂ ਦਾ ਸ਼ੇਰ, ਨੰਗੀ ਤਲਵਾਰ ਘੁਮਾਂਦਾ ਕਈਆਂ ਦੇ ਆਹੂ ਲਾਂਹਦਾ ਜਾ ਰਿਹਾ ਸੀ, ਤੇ ਬੜੇ ਬੜੇ ਬਹਾਦਰ ਦੁਸ਼ਮਣ ਫ਼ੌਜੀਆਂ ਦੇ ਹੌਸਲੇ ਟੁੱਟਦੇ ਜਾ ਰਹੇ ਸਨ। ਅਖ਼ੀਰ ਵੈਰੀਆਂ ਨੇ ਉਸ ਨੂੰ ਚੁਪਾਸਿਓਂ ਘੇਰ ਲਿਆ, ਤੇ ਬਹਾਦਰ ਪਿਤਾ ਦਾ ਸ਼ੇਰ ਪੁੱਤਰ ਲੜਦਾ ਲੜਦਾ ਸ਼ਹੀਦ ਹੋ ਗਿਆ।

ਆਪਣੇ ਵੱਡੇ ਵੀਰ ਨੂੰ ਸ਼ਹੀਦ ਹੋਇਆਂ ਦੇਖ ੧੪ ਸਾਲਾਂ ਦਾ ਜੁਝਾਰ ਸਿੰਘ ਖ਼ਾਮੋਸ਼ ਨਾ ਰਹਿ ਸੱਕਿਆ। ਉਹ ਪਿਤਾ ਜੀ ਪਾਸ ਜਾ ਕੇ ਕਹਿਣ ਲੱਗਾ, 'ਪਿਤਾ ਜੀ! ਮੈਨੂੰ ਵੀ ਆਪਣੇ ਵਡੇ ਵੀਰ ਵਾਂਗ ਬਾਹਰ ਨਿਕਲ ਕੇ ਵੈਰੀਆਂ ਨਾਲ ਦੋ ਹੱਥ ਕਰਨ ਦੀ ਆਗਿਆ ਬਖ਼ਸ਼ੋ।'

ਗੁਰੂ ਜੀ ਨੇ ਪੁੱਤਰ ਦਾ ਮੱਥਾ ਚੁੰਮਿਆ। ਆਪਣੇ ਹੱਥੀਂ ਬਸਤਰ ਸਜਾਏ, ਤੇ ਨੰਗੀ ਤਲਵਾਰ ਹੱਥ ਵਿਚ ਦੇ ਕੇ ਕਿਹਾ, "ਜਾਉ ਬੇਟਾ! ਆਪਣੇ ਧਰਮ ਲਈ ਮੈਦਾਨੇ ਜੰਗ ਵਿਚ ਜਾ ਕੇ ਸ਼ਹੀਦ ਹੋ ਜਾਓ।"

ਬਹਾਦਰ ਜੁਝਾਰ ਸਿੰਘ ਹਵੇਲੀਓਂ ਬਾਹਰ ਨਿਕਲਿਆ, ਤੇ ਬਿਫਰ ਸ਼ੇਰ ਵਾਂਗ ਵੈਰੀਆਂ ਉੱਤੇ ਟੁੱਟ ਪਿਆ। ਦੁਸ਼ਮਣ ਦੇਖ ਦੇਖ ਉਂਗਲਾਂ ਮੂੰਹ ਵਿਚ ਪਾ ਰਹੇ ਸਨ, ਤੇ ਆਖਦੇ ਸਨ, ਇਹ ਗੁਰੂ ਤੇ ਉਸਦੇ ਪੁੱਤ ਕਿਸ ਮਿੱਟੀ ਦੇ ਬਣੇ ਹੋਏ ਹਨ? ਮੌਤ ਨੂੰ ਤਾਂ ਇਹ ਸਮਝਦੇ ਹੀ ਕੁਝ ਨਹੀਂ। ਜਿਸ ਪਿਉ ਦੇ ਇਹੋ ਜਿਹੇ ਬਹਾਦਰ ਪੁੱਤਰ ਹੋਣ, ਉਸ ਨੂੰ ਅਤੇ ਉਸ ਦੇ ਪੰਥ ਨੂੰ ਮਿਟਾਣਾ ਸੌਖਾ ਕੰਮ ਨਹੀਂ ਇਸ ਤਰ੍ਹਾਂ ਦੁਸਮਨਾਂ ਦੇ ਆਹੂ ਅਤੇ ਲਾਹਦਾਂ ਉਹ ਵੀ ਸ਼ਹੀਦ ਹੋ ਗਿਆ।

ਬਚਦੇ ਸਿੰਘਾਂ ਨੇ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਰਾਤੋ ਰਾਤ ਇਥੋਂ ਨਿਕਲ ਜਾਣਾ ਚਾਹੀਦਾ ਹੈ। ਇਥੇ ਮਰ ਜਾਣ ਨਾਲੋਂ ਨਿਕਲ ਜਾਣ ਵਿਚ ਅਤੇ ਮੁੜ ਆਪਣੀ ਬਿਖਰੀ ਤਾਕਤ ਨੂੰ ਕੱਠਿਆਂ ਕਰ ਕੇ ਦੋਬਾਰਾ ਦੁਸ਼ਮਣ ਨਾਲ ਲੜਨ ਵਿਚ ਵਧੇਰੇ ਸਿਆਣਪ ਹੈ। ਨਾਲੇ ਸਵੇਰੇ ਦੁਸ਼ਮਣ ਦਾ ਹਵੇਲੀ

ਤੇ ਕਬਜ਼ਾ ਕਰ ਲੈਣਾ ਯਕੀਨੀ ਸੀ।

ਗੁਰੂ ਜੀ ਆਪਣੇ ਸਾਥੀਆਂ ਦੀ ਇਹ ਸਲਾਹ ਮੰਨ ਗਏ, ਇਕ ਸੱਚੇ ਸ਼ੇਰ-ਦਿਲ-ਭਾਈ ਸੰਤ ਸਿੰਘ ਨੂੰ, ਜਿਸਦੀ ਸ਼ਕਲ ਗੁਰੂ ਜੀ ਨਾਲ ਮਿਲਦੀ ਜੁਲਦੀ ਸੀ, ਆਪਣੇ ਬਸਤਰ ਦੇ ਕੇ ਹਵੇਲੀਓਂ ਨਿਕਲ ਤੁਰੇ। ਵੈਰੀ-ਫੌਜਾਂ ਨਾਲ ਘਿਰੀ ਹੋਈ ਹਵੇਲੀ ਨੂੰ ਛੱਡ ਕੇ ਤੇ ਬਾਹਰ ਦੇ ਬੇਪਨਾਹ ਫ਼ੌਜੀ ਘਰ 'ਚੋਂ ਨਿਕਲਦਿਆਂ ਵੀ ਗੁਰੂ ਜੀ ਨੇ ਵੈਰੀਆਂ ਨੂੰ ਉੱਚੀ ਆਵਾਜ ਵਿਚ ਵੰਗਾਰ ਕੇ ਕਿਹਾ ਕਿ ਸਿੱਖਾਂ ਦਾ ਗੁਰੂ ਨਿਕਲ ਚਲਿਆ ਜੇ, ਸੰਭਲੋ-ਪਕੜੋ-ਪਕੜੋ।

ਵੈਰੀ ਇਸ ਅਚਾਨਕ ਰੌਲੇ ਗੋਲੇ ਨਾਲ ਘਬਰਾ ਗਿਆ। ਉਹਨਾਂ ਸਮਝਿਆ ਕਿ ਸਿੱਖਾਂ ਦਾ ਕੋਈ ਜੱਥਾ ਆ ਗਿਆ। ਉਹ ਹਨੇਰੀ ਰਾਤ ਵਿਚ ਆਪੋ ਵਿਚ ਜੁਟ ਪਏ। ਸਵੇਰ ਨੂੰ ਆਪਣੇ ਕਈ ਸਾਥੀਆਂ ਦੀਆਂ ਲਾਸ਼ਾਂ ਮਿੱਟੀ ਵਿਚ ਰੁਲਦੀਆਂ ਦੇਖ, ਉਹਨਾਂ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ।

ਦਿਨ ਚੜ੍ਹੇ, ਫਿਰ ਉਹੀ ਕਟਾ ਵਢ ਸ਼ੁਰੂ ਹੋ ਗਈ। ਭਾਈ ਸੰਤ ਸਿੰਘ ਤੇ ਉਹਨਾਂ ਦੇ ਦੋ ਚਾਰ ਸਾਥੀਆਂ ਦੀ ਸ਼ਹੀਦੀ ਪਿਛੋਂ ਤੁਰਕਾਂ ਨੂੰ ਯਕੀਨ ਹੋ ਗਿਆ, ਕਿ ਉਨ੍ਹਾਂ ਨੇ ਆਪਣੇ ਕੱਟੜ ਦੁਸ਼ਮਣ ਨੂੰ ਮਾਰ ਮੁਕਾਇਆ ਹੈ। ਪਰ ਜਦ ਉਨ੍ਹਾਂ ਸਾਹਮਣੇ ਹਕੀਕਤ ਖੁੱਲ੍ਹੀ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ, ਤਾਂ ਉਹ ਹੱਥ ਮਲਦੇ ਰਹਿ ਗਏ, ਉਦੋਂ ਤੀਕ ਗੁਰੂ ਜੀ ਕਈ ਮੀਲ ਦੀ ਵਾਟ ਨਿਕਲ ਗਏ ਸਨ।

## ਸਾਹਿਬ ਜ਼ੋਰਾਵਰ ਸਿੰਘ ਅਤੇ ਫ਼ਤਹ ਸਿੰਘ ਜੀ

ਅਸੀਂ ਪਿੱਛੇ ਦੱਸ ਆਏ ਹਾਂ ਕਿ ਅਨੰਦਪੁਰ ਛੱਡਣ ਪਿਛੋਂ ਸਿੰਘ ਕਿਨ੍ਹਾਂ ਮੁਸੀਬਤਾਂ ਵਿਚ ਘਿਰ ਗਏ। ਮਾਤਾ ਸੁੰਦਰੀ ਜੀ (ਧਰਮ ਪਤਨੀ ਗੁਰੂ ਗੋਬਿੰਦ ਸਿੰਘ ਜੀ) ਭਾਈ ਦਯਾ ਸਿੰਘ ਦੀ ਹਿਫ਼ਾਜ਼ਤ ਵਿਚ ਦਿੱਲੀ ਜਾ ਪੁੱਜੇ। ਮਾਤਾ ਗੁਜਰੀ ਜੀ ਸਣੇ ਦੋ ਛੋਟੇ ਸਾਹਿਬਜ਼ਾਦਿਆਂ ਤੇ ਘਰ ਦੇ ਕੁਝ ਕੀਮਤੀ ਸਾਮਾਨ ਦੇ, ਆਪਣੇ ਘਰੋਗੀ ਟਹਿਲੀਏ 'ਗੰਗੂ ਬ੍ਰਾਹਮਣ' ਨਾਲ ਬਾਕੀ ਸਿੰਘਾਂ ਨਾਲੋਂ ਨਿੱਖੜ ਗਏ। ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਲੈ ਆਇਆ, ਪਰ ਇਥੇ ਉਸਦੀ ਨੀਯਤ ਬਦਲ ਗਈ। ਮਾਤਾ ਜੀ ਪਾਸ ਬਹੁਤ ਸਾਰੀ ਨਕਦੀ ਤੇ ਬਹੁਮੁੱਲੀਆਂ ਚੀਜ਼ਾਂ ਤੇ ਉਸ ਦੀ ਨਜ਼ਰ ਸੀ, ਜਿਸ ਨੂੰ ਉਹ ਹਰ ਹੀਲੇ ਹੜਪ ਕਰ ਕੇ ਆਪਣੀ ਨਿਮਕ-ਹਲਾਲੀ ਵਿਖਾਉਣਾ ਚਾਹੁੰਦਾ ਸੀ, ਤੇ ਦੂਜਾ ਇਨ੍ਹਾਂ ਨੂੰ ਫੜਾ ਕੇ ਸਰਹੰਦ ਦੇ ਸੂਬੇ ਪਾਸੋਂ ਇਨਾਮ ਤੇ ਸ਼ੁਹਰਤ ਲੈਣਾ ਚਾਹੁੰਦਾ ਸੀ।

ਇਕ ਰਾਤ ਉਸ ਨੇ ਮਾਤਾ ਜੀ ਦੇ ਸਾਹਮਣੇ ਪਏ ਮਾਲ ਦੀ ਗੰਢ ਚੁੱਕ ਲਈ, ਤੇ ਮਾਤਾ ਜੀ ਦੇ ਪੁੱਛਣ ਪੁਰ ਸਗੋਂ ਉਹ ਉਲਟਾ ਹੋ ਪਿਆ, ਕਿ ਉਸ ਨੇ ਤਾਂ ਇਨ੍ਹਾਂ ਬੇ-ਆਸਰਿਆਂ ਨੂੰ ਪਨਾਹ ਦਿੱਤੀ ਹੈ, ਤੇ ਉਹ ਉਸ ਨੂੰ ਚੋਰ ਬਣਾਂਦੇ ਹਨ। ਸੋ ਉਹ ਜ਼ਰੂਰ ਨੂੰ ਇਨ੍ਹਾਂ ਦੇ ਇੱਥੇ ਹੋਣ ਦੀ ਖ਼ਬਰ ਦੇ ਕੇ ਤੇ ਫੜਾ ਕੇ ਹੀ ਦਮ ਲਵੇਗਾ।

ਮਾਤਾ ਜੀ ਨੇ ਮਿੰਨਤਾਂ ਤਰਲੇ ਕੀਤੇ, ਵਾਸਤੇ ਪਾਏ, ਪਿਛਲੀਆਂ ਕਰਨੀਆਂ ਯਾਦ ਕਰਾਈਆਂ, ਪਰ ਉਸ ਪੱਥਰ-ਦਿਲ ਬ੍ਰਾਹਮਣ ਪੁਰ ਕੋਈ ਅਸਰ ਨਾ ਪਿਆ, ਤੇ ਉਸ ਸਰਹੰਦ ਦੇ ਹਾਕਮ ਨੂੰ ਖ਼ਬਰ ਜਾ ਦਿੱਤੀ।

ਮਾਤਾ ਜੀ ਤੇ ਛੋਟੇ ਛੋਟੇ ਦੋ ਬਾਲ ਫੜ ਲਏ ਗਏ, ਤੇ ਤਿੰਨਾਂ ਨੂੰ ਸਰਹੰਦ ਦੇ ਇਕ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਵਜੀਦ ਖਾਂ-ਸੂਬਾ ਸਰਹੰਦ ਨੇ ਕਾਫ਼ੀ ਮੁਲਾਣਿਆਂ ਦੀ ਮਜਲਜ਼ ਬੁਲਾ ਕੇ ਇਹਨਾਂ ਕੈਦੀਆਂ ਬਾਰੇ ਰਾਏ ਪੁੱਛੀ। ਉਲਮਾਵਾਂ ਨੇ ਫ਼ੈਸਲਾ ਦਿੱਤਾ ਕਿ ਜਾਂ ਤੇ ਇਹ ਇਸਲਾਮ ਕਬੂਲ ਕਰ ਲੈਣ ਤੇ ਜਾਂ ਮੌਤ ਲਈ ਤਿਆਰ ਹੋ ਜਾਣ।

ਨਵਾਬ ਮਲੇਰ ਕੋਟਲਾ ਵੀ ਇਸ ਸਭਾ ਵਿਚ ਹਾਜ਼ਰ ਸੀ। ਉਸਨੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ ਕਿ ਇਨ੍ਹਾਂ ਮਾਸੂਮ ਬੱਚਿਆਂ ਨੇ ਤੁਹਾਡਾ ਕੀ ਵਿਗਾੜਿਆ ਹੈ। ਜੋ ਦੁਸ਼ਮਣੀ ਹੈ, ਉਹ ਤਾਂ ਇਨ੍ਹਾਂ ਦੇ ਪਿਤਾ ਨਾਲ ਹੈ। ਉਸ ਨਾਲ ਜੋ ਮਰਜ਼ੀ ਹੈ ਸਲੂਕ ਕਰੋ, ਪਰ ਬੱਚਿਆਂ ਪਰ ਇਹ ਜ਼ੁਲਮ ਨਹੀਂ ਢਾਹੁਣਾ ਚਾਹੀਦਾ।

ਵਜੀਦ ਖਾਂ, ਮਲੇਰ ਕੋਟਲੇ ਦੀ ਇਸ ਦਲੀਲ ਨਾਲ ਸਹਿਮਤ ਹੋ ਗਿਆ ਜਾਪਦਾ ਸੀ, ਲੇਕਿਨ ਮਾਲਕਾਂ ਦਾ ਵਫਾਦਾਰ ਹਿੰਦੂ ਵਜ਼ੀਰ ਸੁੱਚਾ ਨੰਦ ਬੋਲਿਆ, "ਨਵਾਬ ਸਾਹਿਬ! ਤੁਸੀਂ ਇਹ ਨਹੀਂ ਸੋਚਿਆ ਕਿ ਜਿਨ੍ਹਾਂ ਨੂੰ ਤੁਸੀਂ ਬੱਚੇ ਆਖਦੇ ਹੋ, ਇਹਨਾਂ ਕਲ੍ਹ ਵੱਡੇ ਸੱਪ ਬਣਨਾ ਹੈ। ਤੇ ਸੱਪਾਂ ਦੇ ਪੁੱਤਰਾਂ ਨੂੰ ਦੁੱਧ ਪਿਆਉਣਾ ਕਿਥੋਂ ਦੀ ਦਾਨਾਈ ਹੈ? ਅਜ ਇਨ੍ਹਾਂ ਦਾ ਪਿਤਾ 'ਇਕ' ਹੋਣ ਦੀ ਹਾਲਤ ਵਿਚ ਤੁਹਾਡੇ ਪਾਸੋਂ ਸਾਂਭਿਆ ਨਹੀਂ ਜਾਂਦਾ, ਕਲ੍ਹ ਇਹ ਸਾਰੇ ਬਾਗ਼ੀ ਇਕੱਠੇ ਹੋ ਕੇ ਤੁਹਾਡਾ ਨਕ ਦਮ ਕਰ ਦੇਣਗੇ।"

ਸੁਚਾ ਨੰਦ ਦੀ ਇਸ ਰਾਏ ਦੀ ਕਾਜ਼ੀਆਂ ਵੀ ਹਾਮੀ ਭਰੀ, ਤੇ ਮੌਤ ਜਾਂ ਇਸਲਾਮ ਕਬੂਲ ਕਰਨ ਦਾ ਦੋ-ਟੂਕ ਫ਼ੈਸਲਾ ਕਰ ਦਿਤਾ ਗਿਆ।

ਨਵਾਬ ਮਲੇਰਕੋਟਲਾ ਆਪਣੀਆਂ ਅੱਖਾਂ ਸਾਹਮਣੇ ਇਹ ਜ਼ੁਲਮ ਨਾ ਸਹਾਰ ਸਕਿਆ, ਤੇ ਰੋਸ ਵਜੋਂ ਕਚਹਿਰੀਓਂ ਉੱਠ ਗਿਆ।

ਦੋਵੇਂ ਮਾਸੂਮ ਬੱਚੇ ਕਚਹਿਰੀ ਲਿਆਂਦੇ ਗਏ। ਉਸ ਵੇਲੇ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਮਸਾਂ ਨੌਂ ਤੇ ਸੱਤ ਸਾਲਾਂ ਦੇ ਸਨ। ਦੋਹਾਂ ਸਾਹਮਣੇ ਕਾਜ਼ੀਆਂ ਦਾ ਫ਼ੈਸਲਾ ਰੱਖਿਆ ਗਿਆ, ਪਰ ਸ਼ੇਰ-ਦਿਲ ਗੁਰ-ਬੇਟਿਆਂ ਨੇ ਇਸਲਾਮ ਦੇ ਮੁਕਾਬਲੇ ਤੇ ਮੌਤ ਕਬੂਲਣ ਨੂੰ ਤਰਜੀਹ ਦਿਤੀ।

ਉਸ ਹਕੂਮਤ ਦੀ ਇਮਾਰਤ ਕਿੰਨੀ ਦੇਰ ਖੜੀ ਰਹਿ ਸਕਦੀ ਹੈ, ਜਿਸ ਦੀਆਂ ਬੁਨਿਆਦਾਂ ਜ਼ੁਲਮ, ਜਬਰ ਤੇ ਅਤਿਆਚਾਰ ਪੁਰ ਨਿਰਭਰ ਹੋਣ। ਕਿੰਨੇ ਗ਼ਜ਼ਬ ਦੀ ਗੱਲ ਹੈ, ਕਿ ਸੱਤ ਤੇ ਨੌਂ ਸਾਲ ਦੇ ਬੱਚਿਆਂ ਨੂੰ ਮੌਤ ਦੀ ਸਜ਼ਾ, ਤੇ ਉਹ ਵੀ ਤਲਵਾਰ ਦੇ ਇਕ ਵਾਰ ਨਾਲ ਨਹੀਂ, ਸਗੋਂ ਦੀਵਾਰ ਵਿਚ ਚਿਣ ਕੇ ਮਾਰਨ ਦੀ ਹੈਬਤਨਾਕ ਸਜ਼ਾ। ਦੋਵੇਂ ਬਹਾਦਰ ਬਾਲਾਂ ਨੂੰ ਇਕ ਥਾਂ ਖੜਾ ਕਰ ਕੇ ਉਨ੍ਹਾਂ ਦੇ ਇਰਦ ਗਿਰਦ ਇੱਟਾਂ ਨਾਲ ਦੀਵਾਰ ਚਿਣ ਦਿੱਤੀ ਗਈ। ਜਦ ਦੋਹਾਂ ਦੀ ਛਾਤੀ ਛਾਤੀ ਤੀਕ ਦੀਵਾਰ ਚੁਣੀ ਗਈ ਤਾਂ ਫਿਰ ਦੋਬਾਰਾ ਉਨ੍ਹਾਂ ਤੋਂ ਇਸਲਾਮ ਕਬੂਲਣ ਲਈ ਪੁੱਛ ਕੀਤੀ ਗਈ, ਪਰ ਅਗੋਂ ਮਿਲੇ ਕੜਕਵੇਂ ਉੱਤਰ ਨੇ ਦੁਸ਼ਮਨ ਨੂੰ ਵੀ ਪਾਣੀ-ਪਾਣੀ ਕਰ ਦਿੱਤਾ। ਬਾਲ ਬੋਲੇ, "ਜਿਸ ਸੂਰਬੀਰ ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਅੱਜ ਸਾਰੇ ਹਿੰਦ ਦੀ ਹਕੂਮਤ ਕੰਬ ਰਹੀ ਹੈ, ਕੀ ਉਸਦੇ ਪੁੱਤਰ ਮੌਤ ਤੋਂ ਡਰ ਸਕਦੇ ਹਨ? ਤੁਸੀਂ ਆਪਣਾ ਸਾਰਾ ਤਾਣ ਲਾ ਕੇ ਵੇਖ ਲਵੋ ਪਰ ਜਬਰ ਅਗੇ ਸਬਰ ਨੇ ਝੁਕਣਾ ਨਹੀਂ।

ਦੀਵਾਰ ਜਦ ਮੋਢਿਆਂ ਤੀਕ ਪਹੁੰਚ ਗਈ, ਤਾਂ ਤਲਵਾਰ ਨਾਲ ਦੋਵੇਂ ਸਿਰ ਲਾਹ ਦਿਤੇ ਗਏ। ਇਸ ਤਰ੍ਹਾਂ ਦੋ ਮਾਸੂਮ ਜਿੰਦੜੀਆਂ ਨੂੰ ਸ਼ਹੀਦ ਕਰ ਕੇ ਵਜੀਦ ਖ਼ਾਂ ਨੇ ਸਮਝਿਆ ਕਿ ਉਸ ਨੇ ਬੜੀ ਵੱਡੀ ਮੱਲ ਮਾਰ ਲਈ ਹੈ, ਪਰ ਇਸ ਤੋਂ ਕੁਝ ਅਰਸਾ ਪਿਛੋਂ ਬੰਦਾ ਬਹਾਦਰ ਨੇ ਸਰਹੰਦ ਪੁਰ ਹੱਲਾ ਕਰ ਕੇ ਇਸ ਪੁਰਾਣੇ ਤੇ ਤਵਾਰੀਖ਼ੀ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿਤੀ। ਮਾਸੂਮਾਂ ਦੀ ਮੌਤ ਦੇ ਅਸਲ ਮੁਜਰਮਾਂ ਵਜੀਦ ਖ਼ਾਂ ਤੇ ਸੁਚਾ ਨੰਦ ਤੋਂ ਗਿਣ ਗਿਣ ਕੇ ਬਦਲੇ ਲਏ ਗਏ। ਤੇ ਸਾਰੀ ਵਸਦੀ ਰਸਦੀ ਸਰਹੰਦ ਢਾਹ-ਢੇਰੀ ਕਰ ਕੇ ਉਸਦੇ ਉੱਪਰ ਹਲ ਫੇਰ ਦਿੱਤੇ ਗਏ।

ਮਾਤਾ ਗੁਜਰੀ ਜੀ ਨੂੰ ਜਦੋਂ ਇਸ ਖ਼ੂਨੀ ਵਾਕਿਆ ਦੀ ਖ਼ਬਰ ਮਿਲੀ ਤਾਂ ਉਹ ਇੰਨਾ ਜ਼ੁਲਮ ਨ ਸਹਾਰ ਸਕੇ, ਤੇ ਬੁਰਜ ਤੋਂ ਹੇਠਾਂ ਡਿਗ ਕੇ ਚਲਾਣਾ ਕਰ ਗਏ।

*(ਪੰਨਾ 15 ਦੀ ਬਾਕੀ)*

'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਵਾਲੀ ਪੰਗਤੀ ਵਿਚ ਆਏ "ਤੂੰ ਹੈ ਮੇਰਾ ਮਾਤਾ" ਵਾਲੇ ਪਦ ਵਾਲਾ ਭਾਵ ਹੀ 'ਜਗ ਮਾਇ ਪਦ ਤੋਂ ਹੈ। ਭਾਵ ਵਾਹਿਗੁਰੂ ਹੀ ਮੇਰਾ ਪਿਤਾ ਹੈ, ਵਾਹਿਗੁਰੂ ਹੀ ਮੇਰਾ ਮਾਤਾ ਹੈ। ਮੂੜ੍ਹ ਮੜੀਆਂ ਦਾ ਨਿਰਾ ਮੁਗਾਲਤਾ ਹੈ ਕਿ 'ਜਗ ਮਾਇ ਅਤੇ ਸ਼ਿਵਾ ਪਦਾਂ ਤੋਂ ਦੇਵਾਂ ਦਾ ਅਰਥ ਲੈਣ। ਗੁਰਮਤਿ ਕਸ਼ਾਂ ਅੰਦਰ ਭੀ ਸ਼ਿਵਾ ਦੇ ਅਰਥਾਂ ਵਿੱਚੋਂ ਇਕ ਅਰਥ ਸ਼ਿਵ' ਪਦ ਦਾ ਕਲਿਆਣ ਸਰੂਪ ਪਰਮਾਤਮਾ ਹੈ। ਕਿ ਇਸ ਤੋਂ ਸ੍ਰੀ ਗੁਰੂ ਦਸਮੇਸ਼ ਜੀ ਨੇ ਅਕਾਲ ਪੁਰਖ ਪ੍ਰਥਾਇ ਉਚਰੇ ਪਦਾਂ ਦੀ ਬੜੀ ਹੀ ਬਚਿੱਤਰ ਸੰਕੇਤਕ ਲੀਲ੍ਹਾ ਉਚਾਰਨ ਕੀਤੀ ਹੈ। ਜਿੱਥੇ ਸ੍ਰੀ ਗੁਰੂ ਦਸਮੇਸ਼ ਨੇ ਆਪਣੇ ਇੱਕ ਹੋਰ ਸ੍ਰੀ ਮੁਖਵਾਕ ਸਵੱਈਏ ਅੰਦਰ ਇਸ ਪ੍ਰਕਾਰ ਉਚਾਰਨ ਕੀਤਾ ਹੈ…ਹੋ ਰਵਿ ਹੇ ਸਸਿ ਹੇ ਕਰੁਣਾ ਨਿਧਿ, ਉਥੇ ਭੀ ਸ੍ਰੀ ਗੁਰੂ ਦਸਮੇਸ਼ ਜੀ ਨੇ 'ਰਵਿ' ਅਤੇ ਸਸਿ ਪਦਾਂ ਤੋਂ ਭਾਵ ਕਰੁਣਾਨਿਧਿ ਅਕਾਲ ਪੁਰਖ ਦਾ ਹੀ ਲਿਆ ਹੈ। ਸ੍ਰੀ ਜਾਪੁ ਸਾਹਿਬ ਜੀ ਦੀ ਬਾਣੀ ਅੰਦਰ ਵੀ ਜਿੱਥੇ 'ਨਮੋ ਸੂਰਜ ਸੁਰਜੇ॥ ਨਮੋ ਚੰਦ੍ਰ ਚੰਦੇ' ਤੁਕਾਂ ਆਉਂਦੀਆਂ ਹਨ, ਇਨ੍ਹਾਂ ਤੁਕਾਂ ਦਾ ਭਾਵ ਭੀ ਸਪੱਸ਼ਟ ਅਕਾਲ ਪੁਰਖ ਤੋਂ ਲਿਆ ਗਿਆ ਹੈ। ਹੇ ਸੂਰਜਾਂ ਦੇ ਸੂਰਜ, ਸੱਚੇ ਸੂਰਜ ਸ੍ਰੀ ਅਕਾਲ ਪੁਰਖ ਜੀ, ਤੇ ਚੰਦ੍ਰਮਾਵਾਂ ਤੋਂ ਸੱਚੇ ਸੁੱਚੇ ਚੰਦ੍ਰਮਾ ਵਾਹਿਗੁਰੂ ਅਕਾਲ ਪੁਰਖ ਜੀ, ਤੈਨੂੰ ਸਾਡੀ ਨਮਸਕਾਰ ਹੈ, ਇਹੋ ਭਾਵ ਹੇ ਰਵਿ ਹੇ ਸਸਿ ਵਾਲੇ ਪਦਾਂ ਤੋਂ ਵੀ ਨਿਕਲਦਾ ਹੈ…ਹੇ ਅਕਾਲ ਪੁਰਖ ਰੂਪੀ ਸੱਚੇ ਸੂਰਜ (ਵਿ), ਹੇ ਅਕਾਲ ਪੁਰਖ ਰੂਪੀ ਸੱਚੇ ਚੰਦਰਮਾ (ਸਸ)! ਇਹ ਕਹਿ ਕੇ (ਸੰਕੇਤ ਕੇ) ਸ੍ਰੀ ਦਸਮੇਸ਼ ਸੱਚੇ ਗੁਰੂ ਪਾਤਸ਼ਾਹ ਨੇ ਅਕਾਲ ਪੁਰਖ ਅੱਗੇ ਹੀ ਬੇਨਤੀ ਉਚਾਰਨ ਕੀਤੀ ਹੈ। ਹੋਰ ਕੋਈ ਸੂਰਜ ਚੰਦ ਅਗੇ ਬੇਨਤੀ ਨਹੀਂ ਕੀਤੀ। ਅਕਾਲ ਪੁਰਖ ਪ੍ਰਥਾਇ ਉਚਰੇ ਸ੍ਰੀ ਗੁਰੂ ਦਸਮੇਸ਼ ਮੁਖਵਾਕ ਸੰਕੇਤਕ ਪਦਾਂ ਦੀ ਬੜੀ ਹੀ ਬਚਿੱਤ੍ਰ ਲੀਲਾ ਹੈ।

ਇਸੇ ਪ੍ਰਕਾਰ ਹੀ 'ਭਗਉਤੀ' ਪਦ ਰੂਪੀ ਸੰਕੇਤਕ ਪਦ ਅਰਦਾਸ ਅੰਦਰ ਸ੍ਰੀ ਗੁਰੂ ਦਸਮੇਸ਼ ਸਾਹਿਬ ਜੀ ਨੇ ਵਾਹਿਗੁਰੂ ਦੀ ਜੋਤਿ ਪ੍ਰਚੰਡਕ ਅਕਲ ਕਲਾ ਪ੍ਰਥਾਇ ਹੀ ਉਚਾਰਨ ਕੀਤਾ ਹੈ, ਦੇਵੀ ਦਾ ਭਾਵ ਹਰਗਿਜ਼ ਨਹੀਂ। ਦੇਵੀ ਵਾਲਾ ਭਾਵ ਅਗਿਆਨੀ ਮੂੜ-ਮਤੀਆਂ ਦੀ ਹੀ ਕਾਢ ਹੈ। ਅਕਾਲ ਪੁਰਖ ਦੀ ਖੜਗ-ਕੇਤ, ਜੋਤਿ ਪ੍ਰਚੰਡਨੀ-ਅਕਲ-ਕਲਾ ਦਾ ਨਾਉਂ ਹੀ 'ਭਗਉਤੀ' ਸੰਕੇਤਿਆ ਗਿਆ ਹੈ।

# ਚਮਕੌਰ ਦੀ ਗੜ੍ਹੀ - ਸਰਹੰਦ ਦੀ ਦੀਵਾਰ

*(ਭਾਈ ਉਜਗਾਰ ਸਿੰਘ ਉਲਫ਼ਤ)*

ਤਕੋ ਵਾਸੀ ਅਨੰਦਪੁਰ ਦਾ ਸਰਸਾ ਤਰੀ ਜਾਂਦੇ! ਤੇ ਫਿਰ ਚਮਕੌਰ ਵਿਚ ਵੇਖੋ, ਇਹ ਕੀ ਕੌਤਕ ਕਰੀ ਜਾਂਦੇ!

ਉਹ ਸ਼ੌਕੀ ਬਾਜ ਦਾ ਸੋਹਣਾ, ਉਹ ਸ਼ਾਹ-ਅਸਵਾਰ ਨੀਲੇ ਦਾ, ਪਤਾ ਨਹੀਂ ਇਹ ਸਿਤਮ ਏਨੇ, ਕਿਵੇਂ ਦਿਲ ਤੇ ਜਰੀ ਜਾਂਦੈ!

ਉਧਰ ਨੇ ਮੁਗਲ ਲੱਖਾਂ ਹੀ ਇਧਰ ਇਹ ਲੈ ਕੇ ਸਿੰਘ ਚਾਲੀ, ਇਕੱਲਾ ਇਹ ਮਜਾਹਿਦ ਹੀ, ਕਿਵੇਂ ਰਣ ਵਿਚ ਲੜੀ ਜਾਂਦੈ!

ਨਹੀਂ ਦਿਸਦੇ ਕਿਤੇ ਭਾਵੇਂ ਉਹ ਮਨਜ਼ੂਰ ਕੇਸਗੜ੍ਹ ਵਾਲੇ, ਇਹ ਉਜੜੇ ਆਸ਼ੀਆਂ ਵਿਚ ਹੀ ਨਵੀਂ ਹਸਰਤ ਭਰੀ ਜਾਂਦੇ!

ਨੀ ਤੱਕ ਮਾਏ, ਨੀ ਸੁਣ ਮਾਏ, ਇਦੀ ਮਹਿਬੂਬੀਓਂ ਸਦਕੇ, ਕਿਵੇਂ ਪਾ ਜਿਗਰ ਦੇ ਟੋਟੇ ਅਜ਼ਲ ਦਾ ਮੂੰਹ ਭਰੀ ਜਾਂਦੇ!

ਲੈ ਸਖੀਓ ਵੀਰ ਔਹ ਮੇਰਾ, ਅੰਮੀ ਜੀਤਾਂ ਦਾ ਹੈ ਜਾਇਆ, ਕਿਵੇਂ ਦੁਸ਼ਮਣ ਦੇ ਦਲ ਉਤੇ, ਨੀ ਮੀਂਹ ਬਣ ਕੇ ਵਰ੍ਹੀ ਜਾਂਦੇ!

ਕਿਆ ਸੋਹਣਾ ਨਜ਼ਾਰਾ ਹੈ, ਹੁਸਨ ਦੀ ਬੇ-ਨਿਆਜ਼ੀ ਦਾ, ਕਿਵੇਂ ਇਹ ਨੂਰ ਦਾ ਕ੍ਰਿਸ਼ਮਾ, ਹੁਸਨ ਜਲਵੇ ਭਰੀ ਜਾਂਦੇ!

ਚੁੰਮੋ ਨੀ ਤੇਗ ਇਸ ਦੀ ਨੂੰ, ਇਨ੍ਹੇ ਰਾਹਿ ਤਸਾਦਮ ਚੋਂ, ਕਿਵੇਂ ਹੰਗਾਮਿਆਂ ਅੰਦਰ, ਵਤਨ-ਕਿਸਮਤ ਘੜੀ ਜਾਂਦੇ!

ਇਹ ਰਾਹ ਹਮਵਾਰ ਕਰਦਾ ਹੈ, ਦਿਲੋਂ ਵਤਨਾਂ ਦੀ ਕਿਸਮਤ ਦਾ ਨਗਮਾ ਹੱਕ ਦਾ 'ਉਲਫ਼ਤ', ਲਗਨ ਅੰਦਰ ਪੜ੍ਹੀ ਜਾਂਦੀ!

ਵੇਖ ਨੀ ਅਜ ਦਰਦਣੇ, ਸਰਹੰਦ ਦੀ ਦੀਵਾਰ ਵੇਖ ਵੇਖ, ਕਿੱਥੇ ਪਹੁੰਚਿਆ ਏ, ਕੌਮ ਦਾ ਕਿਰਦਾਰ ਵੇਖ!

ਕਿਆ ਤਸ਼ੱਰਫ਼ ਹੈ ਤੋਰੇ, ਲਾਲਾਂ ਦਾ ਮੇਰੇ ਦਾਤਿਆ! ਪਹੁੰਚ ਗਏ ਕਿੱਥੇ ਤੇਰੇ, ਇਹ ਹੁਸਨ ਦੇ ਪ੍ਰਸਤਾਰ ਵੇਖ!

ਫੁੱਲ ਦੋ ਮਾਸੂਮ ਕੋਮਲ, ਉਮਰ ਸਤ-ਨੌਂ ਸਾਲ ਦੇ, ਕਤਲਗਾਹ ਵਿੱਚ ਕਿਸ ਤਰ੍ਹਾਂ, ਕਹਿੰਦੇ ਨੇ ਸ਼ਰਧਾ ਧਾਰ ਵੇਖ!

ਬੇਖ਼ੁਦੀ ਵਧਦੀ ਹੈ ਜਾਂਦੀ, ਦੇਰ ਨਾ ਲਾ ਕਾਤਲਾ! ਵੇਖੀਏ ਸ਼ਾਹ-ਰਗ ਅਸੀਂ, ਤੂੰ ਜ਼ੁਲਮ ਦੀ ਤਲਵਾਰ ਵੇਖ!

ਵੇਖ ਨੀ ਔਹ ਵੇਖ ਲੈ, ਦੋ ਨੂਰ ਦੇ ਜਲਵੇ ਨਵੇਂ, ਕੰਧ ਅੰਦਰ ਚਿਣ ਰਹੇ, ਇਹਨਾਂ ਨੂੰ ਜਾਲਮ-ਚਾਰ ਵੇਖ!

ਵੇਖ ਸਮਿਆ! ਏਸ ਥਾਂ ਕੁਝ, ਹੋਣ ਵਾਲਾ ਈ ਜ਼ਰੂਰ, ਲੈ ਕੇ ਕਾਤਲ ਆ ਗਏ ਨੇ, ਜ਼ੁਲਮ ਦੇ ਹਥਿਆਰ ਵੇਖ!

ਨਾਲ ਔਹ ਨੇ ਆ ਰਹੇ, ਦੋ ਚੰਨ ਸੂਰਜ ਵੇਖ ਲੈ, ਲਾਡਲੇ ਦਸਮੇਸ਼ ਦੇ, ਜੀਤੋ ਦੇ ਬਰਖ਼ੁਰਦਾਰ ਵੇਖ!

ਵੇਖ ਲੈ ਲੱਗੀ ਊ ਉਸਰਨ, ਕੰਧ ਕਾਲੇ ਕਹਿਰ ਦੀ, ਵਿੱਚ ਨੇ ਕੀਤੇ ਖੜੇ ਦੋ, ਸਿਦਕ ਦੇ ਸੰਸਾਰ ਵੇਖ!

ਇੱਟ ਲਾ ਲਾ ਰਾਜ ਪੁੱਟਦੇ, ਹੈਣ ਮਿੱਟੀ ਰਾਜ ਦੀ ਹੈ ਖੜਾ, ਲਾਲਾਂ ਦਾ ਜੋੜਾ, ਸਿਦਕ ਦਾ ਅਵਤਾਰ ਵੇਖ!

ਹੋ ਰਹੀ ਹੈ ਹੁਕਮ ਦੀ ਤਾਮੀਲ, ਇਕ ਇਕ ਇੱਟ ਤੇ, ਗੋਡੇ ਗਿੱਟੇ ਝਾੜਦਾ ਹੈ, ਰਾਜ ਨਾ-ਹੰਜਾਰ ਵੇਖ!

ਕੀ ਕਹਾਂ ਕਰਣੀ ਕਹੀ, ਗਾਵਾਂ ਸਿਫ਼ਤ ਕੀ ਏਸ ਦੀ, ਲਾਲ ਹੱਸ ਹੱਸ ਕਰ ਰਹੇ ਜੋ, ਸਿਦਕ ਦਾ ਇਜ਼ਹਾਰ ਵੇਖ!

ਕੰਬ ਉਠੇ ਨੇ ਫ਼ਰਿਸ਼ਤੇ ਵੀ ਨਜਾਮੇ ਅਰਸ਼ ਤੇ, ਫ਼ਰਸ਼ ਉਤੇ ਕੰਬ ਰਹੇ ਨੇ, ਕੁਤਬ ਮੀਨਾਰ ਵੇਖ!

ਪਰ ਨਹੀਂ ਪ੍ਰਵਾਹ ਇਹਨਾਂ ਨੂੰ, ਜੱਬਰ ਦੀ ਜੱਲਾਦ ਦੀ, ਭਾਰ ਕਿਤਨਾ ਪਾ ਰਹੀ ਹੈ, ਜ਼ੁਲਮ ਦੀ ਭਰਮਾਰ ਵੇਖ!

ਚਮਕਦੇ ਚੰਨ-ਚਿਹਰਿਆਂ ਤਕ, ਕੰਧ ਖ਼ੂਨੀ ਆ ਗਈ, ਸਿਦਕ ਦੇ ਪੁਤਲੇ ਖੜੇ ਨੇ, ਵੇਖ ਝਾਤੀ ਮਾਰ ਵੇਖ!

ਫ਼ਤਹ ਸਿੰਘ ਤੇ ਕਿਸ ਤਰ੍ਹਾਂ, ਮਸਤੀ ਚੜ੍ਹੀ ਹੈ ਨਾਮ ਦੀ, ਆਖਦਾ ਜ਼ੋਰਾਵਰਾ, ਕੀ ਕਰ ਰਿਹੈ ਕਰਤਾਰ ਵੇਖ!

ਸੋਹਣਿਆਂ ਬੁਲ੍ਹਾਂ ਚੋਂ ਅੱਜ, ਅੰਮ੍ਰਿਤ ਦੀ ਵਰਖਾ ਹੋ ਰਹੀ, ਵੇਖ ਨਿਕਲੇ ਕਿਸ ਤਰ੍ਹਾਂ ਬੁਲ੍ਹੀਆਂ ਤੋਂ 'ਸਤਿ ਕਰਤਾਰ' ਵੇਖ!

ਜ਼ੁਲਮ ਦੀ ਹੱਦ ਹੋ ਗਈ ਹੈ, ਹੋਰ ਸਖੀਏ ਵੇਖ ਨੀ, ਹਸਦੇ ਬੁਲ੍ਹਾਂ ਤੇ ਫਿਰ ਗਈ, ਜ਼ੁਲਮ ਦੀ ਤਲਵਾਰ ਵੇਖ!

ਸਿਰ ਕਟਾ ਕੇ ਹੋ ਗਏ, ਸਿਰਤਾਜ ਕਿਸ ਦੇ ਲਾਡਲੇ? ਵੇਖ ਨੀ ਮੁੜ ਮੁੜ ਜਲਵਾ-ਇਸ਼ਕ, ਸੌ ਸੌ ਵਾਰ ਵੇਖ!

ਨਾ ਪਿਤਾ ਕੋਲ ਨਾ ਕੋਲ ਮਾਂ, ਨਾ ਸਿੱਖ ਸਾਥੀ ਸੂਰਮੇ, ਨਜ਼ਰ ਪਏ ਅਜੀਤ ਨਾ, ਦਿਸਦਾ ਨਾ ਮੂਲ ਜੁਝਾਰ ਵੇਖ!

ਗੁਜਰੀ ਮਾਂ ਦੀ ਰਾਤ ਵੀ ਠੰਢੇ ਬੁਰਜ ਵਿੱਚ ਗੁੱਜ਼ਰੇ, ਹੋਰ ਸਾਰਾ ਵਿਛੜਿਆ, ਦਸਮੇਸ਼ ਦਾ ਪਰਵਾਰ ਵੇਖ!

ਏਸ ਮੁਸ਼ਕਲ ਵਿੱਚ ਨੇ ਆਈਆਂ ਸਿਰਾਂ ਤੇ ਆਫ਼ਤਾਂ, ਜ਼ੁਲਮ ਕਿਦਾਂ ਢਾ ਰਿਹਾ ਏ, ਚਰਖ਼ ਨਾ-ਹੰਜਾਰ ਵੇਖ!

ਇਨ੍ਹਾਂ ਲਾਲਾਂ ਦੀ ਸ਼ਹਾਦਤ, ਰੰਗ ਲਾਏਗੀ ਜ਼ਰੂਰ, ਵੇਖੀ ਜਾ ਤੂੰ 'ਉਲਫ਼ਤਾ', ਇਹ ਰੰਗ ਪਰਵਦਗਾਰ ਵੇਖ!

---

# ਪੰਜਾਂ ਪਿਆਰਿਆਂ ਰਾਹੀਂ ਦਿਤਾ ਨਾਮ ਹੀ ਫਲੀਭੂਤ ਹੁੰਦਾ ਹੈ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]*

ਸਤਿਗੁਰੂ ਸੱਚੇ ਸ਼ਾਹ ਦੇ ਪਾਸੋਂ ਸਿਮਰਨ ਦੀ ਦਾਤਿ ਪ੍ਰਾਪਤ ਕਰ ਕੇ, ਸਿਖਾਂ ਪਾਸੋਂ ਕੋਈ ਲੇਖਾ ਨਹੀਂ ਮੰਗ ਸਕਦਾ, ਕਿਉਂਕਿ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੋਈ ਸਿਮਰਨ ਦਾਤਿ ਸਫਲ ਕਮਾਈ ਵਾਲੀ ਅਤੇ ਪੂਰੀ ਹੋ ਕੇ ਉਤਰਦੀ ਹੈ। ਸਿਮਰਨ ਦੀ ਦਾਤਿ ਰੂਪੀ ਸੱਚੀ ਵੱਥ ਕੇਵਲ ਗੁਰੂ ਘਰ ਵਿਖੇ ਹੀ ਹੈ। ਗੁਰੂ ਤੋਂ ਬਾਹਰ ਤਾਂ ਇਹ ਸੱਚੀ ਵੱਥ ਉੱਕੀ ਹੈ ਭੀ ਨਹੀਂ। ਗੁਰੂ ਘਰ ਤੋਂ ਬਾਹਰਲੇ ਅਤੇ ਗੁਰਮਤਿ ਤੋਂ ਘੁੱਥੇ ਹੋਏ ਭੇਖੀ ਗੁਰੂ ਦੇ ਹੱਥ ਪੱਲੇ ਤਾਂ ਇਹ ਵੱਥ ਨਮੂਦ ਮਾਤਰ ਭੀ ਹੈ ਨਹੀਂ। ਗੁਰੂ ਘਰ ਦੇ ਅੰਦਰ ਭੀ ਇਸ ਵੱਥ ਦਾ ਸੱਚਾ ਭੰਡਾਰੀ ਦਾਤਾ ਕੇਵਲ ਸਤਿਗੁਰੂ ਹੈ। ਜੋ ਸਤਿਗੁਰੂ ਤੋਂ ਇਹ ਸੁੱਚੀ ਵੱਥ ਦੀ ਦਾਤਿ ਪਾਉਂਦੇ ਹਨ, ਸੋ ਰੱਜ ਖਾਂਦੇ ਹਨ। ਜੋ ਮੰਗਤੇ ਪਾਸੋਂ ਲੈ ਕੇ ਖਾਂਦੇ ਹਨ ਉਹ ਅਧੂਰੇ, ਅਧ-ਭੁਖੇ ਯਾ ਭੁਖੇ ਅਤੇ ਊਰੋ ਹੀ ਰਹਿ ਜਾਂਦੇ ਹਨ। ਤਨਕ ਮਾਤਰ ਕੁਛ ਪਾਉਂਦੇ ਹਨ ਤਾਂ ਪਾਰ ਨਹੀਂ ਵਸਾਉਂਦੇ। ਪੂਰੇ ਦਾਤਾਰ ਸਤਿਗੁਰੂ ਪਾਸੋਂ ਪਾਈ ਸਿਮਰਨ-ਮਈ ਦਾਤਿ-ਇਲਾਹੀ ਪੂਰੀ ਉਤਰਦੀ ਹੈ। ਪੂਰੇ ਸਤਿਗੁਰੂ ਦੀ ਗੁਰੱਤ-ਕਲਾ-ਸ਼ਕਤੀ ਪੰਜਾਂ ਗੁਰਮੁਖ ਸਿਖਾਂ ਦੇ ਪੂਰ (ਪੰਜ) ਵਿਚ ਹੀ ਪੂਰੀ ਵਰਤਦੀ ਹੈ। ਗੁਰੂ ਪਰਮੇਸ਼ਰੀ ਵਾਰਦ ਹੋਈ (ਪ੍ਰਵੇਸ਼ ਹੋਈ) ਸ਼ਕਤਿ ਪੰਜ ਪਰਵਾਨ ਜਨਾਂ ਅੰਦਰ ਹੀ ਹੂ-ਬ-ਹੂ ਗੁਰੂ ਸਾਰਖੀ ਵਰਤਦੀ ਹੈ। ਯਥਾ ਵਾਕ ਸ੍ਰੀ ਭਾਈ ਗੁਰਦਾਸ ਜੀ ਸਾਹਿਬ -

*ਇਕੁ ਸਿਖ ਦੁਇ ਸਾਧ ਸੰਗੁ ਪੰਜੀਂ ਪਰਮੇਸਰ॥੨੦॥*

ਭਾਵ, ਇਕ ਇਕੱਲਾ ਸਿਖ ਤਾਂ ਸਿਖ ਰੂਪ ਹੀ ਹੈ। ਦੋ ਸਿਖ ਜੁੜਨ ਕਰਿ ਸਤਿਸੰਗ ਦਾ ਰੰਗ ਬਣ ਆਉਂਦਾ ਹੈ ਅਤੇ ਪੰਜਾਂ ਪਾਸ ਪਰਮੇਸ਼ਰ ਵਰਤਦਾ ਹੈ।

ਤਾਂ ਤੋਂ ਅੰਮ੍ਰਿਤ ਪ੍ਰਚਾਰ ਸਮੇਂ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਗੁਰਮੁਖ ਪਿਆਰਿਆਂ ਦੁਆਰਾ ਅੰਮ੍ਰਿਤ-ਦਾਤਿ (ਸਿਮਰਨ-ਦਾਤਿ) ਪ੍ਰਾਪਤ ਕੀਤਿਆਂ ਹੀ ਪੂਰੀ ਗੁਰ-ਪਰਮੇਸ਼ਰੀ-ਕਲਾ ਵਰਤਦੀ ਹੈ।

# ਛੋਟੇ ਸਾਹਿਬਜ਼ਾਦੇ

ਸੱਤ ਤੇ ਨੌਂ ਸਾਲਾਂ ਦੇ ਬਾਲ।
ਕਲਗੀਧਰ ਜੀ ਦੇ ਦੋ ਲਾਲ।

ਫਤਹ ਸਿੰਘ ਜ਼ੋਰਾਵਰ ਨਿੱਕੇ।
ਦੇਸ਼ ਧਰਮ ਤੋਂ ਕਿਦਾਂ ਵਿੱਕੇ।
ਨਹੀਂ ਕੋਈ ਮਿਲਦੀ ਦੁਨੀਆ ਅੰਦਰ

ਇਹੋ ਜਿਹੀ ਹੋਰ ਮਿਸਾਲ।
ਕਲਗੀਧਰ ਜੀ ਦੇ ਦੋ ਲਾਲ।

ਵਿਚ ਕਚਹਿਰੀ ਗਏ ਬੁਲਾਏ।
ਨ ਉਹ ਝਿਜਕੇ, ਨ ਘਬਰਾਏ।
ਨਾਲ ਜੋਸ਼ ਦੇ ਬੋਲੇ ਗੱਜ ਕੇ

ਬੋਲੇ ਸੋ ਨਿਹਾਲ।
ਕਲਗੀਧਰ ਜੀ ਦੇ ਦੋ ਲਾਲ।

ਸੂਬਾ ਆਖੇ ਰਾਜ ਮਿਲੇਗਾ।
ਹੀਰਾਂ ਹੂਰਾਂ ਤਾਜ ਮਿਲੇਗਾ।
ਛੋੜ ਕੇ ਸਿੱਖੀ ਮੋਮਨ ਬਣ ਜਾਉ

ਮਾਲ ਜਾਗੀਰਾਂ ਲਉ ਇਕਬਾਲ।
ਕਲਗੀਧਰ ਜੀ ਦੇ ਦੋ ਲਾਲ।

ਫੁਲਾਂ ਵਾਂਗੂ ਹਸਦੇ ਹਸਦੇ।
ਹੀਰਿਆਂ ਵਾਂਗੂ ਚਮਕਦੇ ਲਸਦੇ।
ਖੜੇ ਅਡੋਲ ਪਹਾੜ ਦੇ ਵਾਂਗੂ

ਕਹਿੰਦੇ ਆ ਕੇ ਵਿਚ ਜਲਾਲ।
ਕਲਗੀਧਰ ਜੀ ਦੇ ਦੋ ਲਾਲ।

ਸਿਰ ਦੇ ਨਾਲੋਂ ਸਿੱਖੀ ਪਿਆਰੀ।
ਸਿੰਜਰੀ ਖ਼ੂਨ ਦੇ ਨਾਲ ਸੰਵਾਰੀ।
ਨ ਲਾਲਚ, ਨਹੀਂ ਡਰਾਵਾ

ਮਾਰ ਨ ਸਕੇ ਕੋਈ ਭੁਚਾਲ
ਅਸੀਂ ਕਲਗੀਧਰ ਦੇ ਦੋ ਲਾਲ।

ਚਿਣਵਾਏ ਦੋਵੇਂ ਕੰਧ ਦੇ ਅੰਦਰ।
ਸੂਬੇ ਨੇ ਸਰਹੰਦ ਦੇ ਅੰਦਰ।
ਵਧੀ ਫਿਰ ਵੀ ਚਮਕ ਲਾਲਾਂ ਦੀ

ਸੂਰਜ ਵਾਂਗੂ 'ਨੀਰ' ਵਿਸ਼ਾਲ।
ਸਤ ਤੇ ਨੌਂ ਸਾਲਾਂ ਦੇ ਬਾਲ।
ਕਲਗੀਧਰ ਜੀ ਦੇ ਦੋ ਲਾਲ।

# ਇਤਿਹਾਸ

*[ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.]*

ਇਤਿਹਾਸ ਆਪਣੇ ਆਪ ਵਿਚ ਇਕ ਐਸਾ ਸੰਪੂਰਨ ਲਫਜ਼ ਹੈ ਜੋ 'ਗਾਗਰ ਵਿਚ ਸਾਗਰ' ਵਾਂਗ ਆਪਣੇ ਆਪ ਵਿੱਚ ਬਹੁਤ ਕੁਝ ਸੰਭਾਲ ਕੇ ਬੈਠਾ ਹੁੰਦਾ ਹੈ। ਆਪਣੇ ਵਡੇ ਵਡੇਰੇ ਪੁਰਖਾਂ ਵੱਲੋਂ ਕੀਤੇ ਮਹਾਨ ਕੰਮਾਂ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜੀ ਅਤੇ ਅਗਲੀਆਂ ਪੀੜ੍ਹੀਆਂ ਤਕ ਪਹੁੰਚਾਉਣ ਦਾ ਕੰਮ ਇਤਿਹਾਸ ਹੀ ਕਰਦਾ ਹੈ। ਜਿਹੜੀ ਕੌਮ ਆਪਣੇ ਵਿਰਸੇ ਨੂੰ ਭੁੱਲ ਜਾਂਦੀ ਹੈ ਉਸ ਦਾ ਪਤਨ ਹੋਣਾ ਸ਼ੁਰੂ ਹੋ ਜਾਂਦਾ ਹੈ, ਇਤਿਹਾਸ ਕੌਮਾਂ ਦਾ ਖਜਾਨਾ ਜਾਂ ਸਰਮਾਇਆ ਹੁੰਦਾ ਹੈ।

ਸਿੱਖ ਕੌਮ ਗੁਰੂਆਂ, ਭਗਤਾਂ, ਸੂਰਬੀਰ ਅਤੇ ਸ਼ਹੀਦਾਂ ਦੀ ਕੌਮ ਹੈ। ਇਕ ਛੋਟਾ ਬੱਚਾ ਉਹੀ ਕਰਦਾ ਹੈ ਜੋ ਉਸਦੇ ਮਾਂ-ਬਾਪ ਉਸ ਨੂੰ ਸਿਖਾਂਉਂਦੇ ਹਨ, ਜੋ ਘਰ ਦਾ ਵਾਤਾਵਰਣ ਹੁੰਦਾ ਹੈ ਅਤੇ ਵਡੇ ਜੋ ਕੌਮ ਵਿਚ ਪੂਰਨੇ ਪਾ ਜਾਂਦੇ ਹਨ ਅਗਲੀਆਂ ਪੀੜ੍ਹੀਆਂ ਉਸ ਰਸਤੇ ਨੂੰ ਅਪਨਾ ਲੈਂਦੀਆਂ ਹਨ। ਪਰ ਅਫਸੋਸ ਅਜ ਕੁਝ ਸਿੱਖ ਬੱਚੇ-ਵੀਰ-ਭੈਣਾਂ, ਬਜੁਰਗ ਸੰਭਾਲਣ ਤੋਂ ਅਸਰਮਥ ਹੋ ਕੇ ਬੈਠੇ ਹਨ। ਵੱਡਾ ਕਾਰਣ ਇਹ ਹੈ ਕਿ ਸਾਡੇ ਕੋਲ ਮਾਇਆ ਦੀ ਵੀ ਕਮੀ ਨਹੀਂ, ਦੂਜਾ ਸਾਡੇ ਬੱਚੇ ਇਸਾਈਆਂ ਦੇ ਸਕੂਲਾਂ ਵਿੱਚ ਪੜਾਈ ਕਰਦੇ ਹਨ, ਕਸੂਰ ਤੇ ਸਾਡਾ ਹੀ ਹੈ, ਅਸੀਂ ਆਪਣੇ ਸਿੱਖੀ ਪ੍ਰਚਾਰ ਵਾਲੇ ਸਕੂਲਾਂ ਵੱਲ ਧਿਆਨ ਹੀ ਨਹੀਂ ਦਿੱਤਾ। ਇਕ ਦੂਜੇ ਦੀ ਵਿਰੋਧਤਾ ਲੜਾਈ ਝਗੜਿਆਂ ਵੱਲ ਬਹੁਤ ਸਮਾਂ ਲਾਉਂਦੇ ਹਾਂ। ਜਦਕਿ ਸਮਾਂ ਧਾਰਮਿਕ ਅਤੇ ਕੌਮ ਦੀ ਚੜ੍ਹਦੀ ਕਲਾ ਵੱਲ ਲਾਉਣਾ ਸੀ। ਗੁਰੂ ਜੀ ਹੀ ਸਾਨੂੰ ਸਭਨਾਂ ਨੂੰ ਮਿਲਕੇ ਬੈਠਣ ਦੀ ਪ੍ਰੇਰਨਾ ਕਰਨ ਜੀ।

## ਸ਼ੀਹਾ ਉਪਲ ਨੂੰ ਗੁਰੂ ਜੀ ਦਾ ਉਪਦੇਸ਼

ਇਕ ਦਿਨ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਨੂੰ ਜਾ ਰਹੇ ਹਨ, ਰਸਤੇ ਵਿਚ ਗੁਰੂ ਜੀ ਨੂੰ ਸਿੱਖ ਸ਼ੀਹਾ ਉਪਲ ਮਿਲਿਆ, ਦਰਸ਼ਨ ਕਰਦੇ ਸਾਰ ਹੀ ਗੁਰੂ ਜੀ ਨੂੰ ਨਮਸਕਾਰ ਕੀਤੀ। ਉਪਲ ਦੇ ਹੱਥਾਂ ਵਿਚ ਦੋ ਬਕਰੇ ਫੜੇ ਦੇਖ ਕੇ ਗੁਰੂ ਜੀ ਨੇ ਪੁੱਛਿਆ ਕਿ ਸਿੱਖਾ ਇਹ ਬਕਰੇ ਕੀ ਕਰਨੇ ਹਨ। ਉਸ ਉਪਲ ਨੇ ਆਖਿਆ ਸਤਿਗੁਰੂ ਜੀ, ਮੇਰੇ ਵੱਡੇ ਮੁੰਡੇ ਦਾ ਮੁੰਡਨ (ਭਾਵ ਵਾਲ ਕਟਨੇ) ਹੈ। ਰੀਤੀ ਰਿਵਾਜ ਅਨੁਸਾਰ ਆਏ ਰਿਸ਼ਤੇਦਾਰਾਂ ਨੂੰ ਮਾਸ ਖੁਆਣ ਲਈ ਇਨ੍ਹਾਂ ਬਕਰਿਆਂ ਨੂੰ ਮਾਰ ਕੇ ਮੀਟ ਦੀ ਸਬਜੀ ਤਿਆਰ ਕਰਨੀ ਹੈ। ਘਰ ਵਿੱਚ ਖੁਸ਼ੀ ਮਨਾਈ ਜਾਏਗੀ, ਗੀਤ-ਨਾਚ-ਟਾਪ ਹੋਵੇਗਾ। ਇਹ ਸੁਣਕੇ ਗੁਰੂ ਜੀ ਨੇ ਆਖਿਆ ਸ਼ੀਹਾ ਤੂੰ ਗੁਰੂ ਦਾ ਸਿੱਖ ਹੈਂ। ਤੈਨੂੰ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸਿੱਖਿਆ ਹੈ -

ਬੱਚਿਆਂ ਦੇ ਕੇਸਾਂ ਦੇ ਮੁੰਡਨ ਨਹੀਂ, ਗੁੰਦਨ ਕਰਨੇ ਹਨ। ਕੱਟਣੇ ਨਹੀਂ ਸੋਹਣੇ ਢੰਗ ਨਾਲ ਸਵਾਰਕੇ ਗੁੰਦਨਾ ਅਤੇ ਜੂੜਾ ਕਰਨਾ ਹੈ।

ਬੱਚੇ ਨੇ ਜਨਮ ਲਿਆ ਹੈ ਚੰਗੀ ਗੱਲ ਹੈ, ਪਰ ਐਸੇ ਸਮੇਂ ਜੀਵ ਹਤਿਆ ਬਕਰੇ ਮਾਰ ਕੇ ਮੀਟ ਤਿਆਰ ਕਰਨਾ, ਰਿਸ਼ਤੇਦਾਰਾਂ ਨੂੰ ਖੁਆਉਣਾ, ਚੰਗੀ ਗੱਲ ਨਹੀਂ ਹੈ। ਖਾਣਗੇ ਤੇਰੇ ਸੰਬੰਧੀ ਪਰ ਪਾਪ ਤੇ ਤੈਨੂੰ ਹੀ ਲਗੇਗਾ, ਪਾਪਾਂ ਦਾ ਭਾਗੀ ਤੂੰਹੀ ਹੋਵੇਂਗਾ। ਜੇ ਸਿੱਖਾਂ! ਘਰ ਵਿਚ ਪ੍ਰਭੂ ਨੇ ਖੁਸ਼ੀ ਦਿੱਤੀ ਹੈ ਤਾਂ ਉਸ ਦਾ ਧੰਨਵਾਦ ਕਰ। ਜੇ ਤੂੰ ਛਕਾਉਣਾ ਹੈ ਤਾਂ ਸ਼ਰਧਾ ਨਾਲ ਗੁਰੂ ਕਾ ਲੰਗਰ ਬਣਾ ਕੇ ਛਕਾਓ।

ਜੇ ਪ੍ਰਭੂ (ਵਾਹਿਗੁਰੂ) ਜੀ ਨੇ ਖੁਸ਼ੀਆਂ ਦਿੱਤੀਆਂ ਹਨ ਤਾਂ ਬਾਣੀ ਗਾਓ, ਕੀਰਤਨ ਵਗੈਰਾ ਕਰੋ। ਖੁਸ਼ੀਆਂ ਸਮੇਂ ਗੀਤ ਗਾਣੇ ਨਾਚ-ਟਾਪ ਨਹੀਂ ਕਰਨੇ ਚਾਹੀਦੇ, ਇਸ ਨਾਲ ਪਾਪਾਂ ਦੇ ਭਾਗੀ ਬਣੀਦਾ ਹੈ। ਗੁਰਬਾਣੀ ਕੀਰਤਨ ਕਰਨ ਨਾਲ ਪੁੰਨ ਅਤੇ ਮਨ ਨੂੰ ਖੁਸ਼ੀ ਮਿਲਦੀ

ਹੈ, ਗੁਰੂ ਜੀ ਵੀ ਪ੍ਰਸਨ ਹੁੰਦੇ ਹਨ। ਸ਼ੀਹਾ ਉਪਲ ਨੇ ਉਸੇ ਵਕਤ ਦੋਨੋਂ ਬਕਰੇ ਵਾਪਿਸ ਕਰ ਦਿੱਤੇ ਤੇ ਗੁਰੂ ਜੀ ਦੀ ਖੁਸ਼ੀ ਦਾ ਪਾਤਰ ਬਣਕੇ ਗੁਰੂ ਜੀ ਦੀ ਦੱਸੀ ਸਿੱਖਿਆ ਤੇ ਪਹਰਾ ਦਿੱਤਾ।

ਅੱਜਕਲ ਤਾਂ ਸਭਨਾਂ ਨੂੰ ਪਤਾ ਹੈ ਕੈਸਾ ਵਕਤ ਹੈ, ਕੇਵਲ ਤੇ ਕੇਵਲ ਜਿਨ੍ਹਾਂ ਗੁਰਮੁਖਾਂ ਨੂੰ ਗੁਰੂ ਜੀ ਦੀ ਸੋਝੀ ਹੈ ਓਹੀ ਬਚੇ ਹੋਏ ਹਨ। ਬਾਕੀ ਤਾਂ ਡੀਜੇ-ਨਾਚ-ਟਾਪ ਸਭ ਹੋ ਰਿਹਾ ਹੈ, ਕੋਈ ਵੀ ਕਿਸੇ ਦੀ ਚੰਗੀ ਗਲ ਸੁਣ ਕੇ ਰਾਜੀ ਨਹੀਂ। ਜਿਹੜਾ ਮਨੁੱਖ ਸਮਝਾਉਂਦਾ ਹੈ, ਉਸ ਨੂੰ ਲੋਕੀ ਦੁਰਕਾਰਦੇ ਹਨ, ਪਾਗਲ ਵੀ ਕਹਿੰਦੇ ਹਨ। ਸਿੱਖਾਂ ਕੋਲ ਤਾਂ ਮਾਇਆ ਬਹੁਤ ਹੋ ਗਈ ਹੈ, ਗੁਰਮਤਿ ਤਾਂ ਉਨ੍ਹਾਂ ਨੇ ਛੀਕੇ ਤੇ ਟੰਗ ਦਿੱਤੀ ਹੈ। ਬਾਕੀ ਆਪ ਸਭ ਪਾਸੇ ਦੇਖ ਹੀ ਰਹੇ ਹੋ। ਹੁਣ ਤਾਂ ਗੁਰੂ ਜੀ ਹੀ ਕਰਾਮਾਤ ਰਾਹੀਂ ਸਮਝਾਉਣ ਬੰਦੇ ਦੇ ਵਸ ਕੁਝ ਵੀ ਨਹੀਂ ਰਿਹਾ। ਗੁਰੂ ਜੀ ਹੀ ਬਖਸ਼ੀਸ ਕਰਨ ਜੀ। ਭੁਲ-ਚੁਕ ਮਾਫ।

# ਚਮਕੌਰ ਦੀ ਗੜ੍ਹੀ

*[ਭਾਈ ਉਜਾਗਰ ਸਿੰਘ ਜੀ ਉਲਫ਼ਤ]*

*ਤਕੋ ਵਾਸੀ ਅਨੰਦਪੁਰ ਦਾ ਕਿਵੇਂ ਸਰਸਾ ਤਰੀ ਜਾਂਦੇ!*
*ਤੇ ਫਿਰ ਚਮਕੌਰ ਵਿਚ ਵੇਖੋ, ਇਹ ਕੀ ਕੌਤਕ ਕਰੀ ਜਾਂਦੇ!*

*ਉਹ ਸ਼ੌਕੀ ਬਾਜ ਦਾ ਸੋਹਣਾ, ਉਹ ਸ਼ਾਹ-ਅਸਵਾਰ ਨੀਲੇ ਦਾਵ*
*ਪਤਾ ਨਹੀਂ ਇਹ ਸਿਤਮ ਏਨੇ, ਕਿਵੇਂ ਦਿਲ ਤੇ ਜਰੀ ਜਾਂਦੇ!*

*ਉਧਰ ਨੇ ਮੁਗਲ ਲੱਖਾਂ ਹੀ, ਇਧਰ ਇਹ ਲੈ ਕੇ ਸਿੰਘ ਚਾਲੀ,*
*ਇਕੱਲਾ ਇਹ ਮੁਜਾਹਿਦ ਹੀ, ਕਿਵੇਂ ਰਣ ਵਿਚ ਲੜੀ ਜਾਂਦੇ!*

*ਨਹੀਂ ਦਿਸਦੇ ਕਿਤੇ ਭਾਵੇਂ ਉਹ ਮਨਜ਼ਰ ਕੇਸ-ਗੜ੍ਹ ਵਾਲੇ,*
*ਇਹ ਉਜੜੇ ਆਸ਼ੀਆਂ ਵਿਚ ਹੀ, ਨਵੀਂ ਹਸਰਤ ਭਰੀ ਜਾਂਦੇ!*

*ਨੀ ਤੱਕ ਮਾਏ, ਨੀ ਸੁਣ ਮਾਏ, ਇਦ੍ਹੀ ਮਹਿਬੂਬੀਓਂ ਸਦਕੇ*
*ਕਿਵੇਂ ਪਾ ਜਿਗਰ ਦੇ ਟੋਟੇ, ਅਜ਼ਲ ਦਾ ਮੂੰਹ ਭਰੀ ਜਾਂਦੇ!*

*ਲੈ ਸਖੀਓ ਵੀਰ ਔਹ ਮੇਰਾ, ਅਮੀਂ ਜੀਤਾਂ ਦਾ ਹੈ ਜਾਇਆ,*
*ਕਿਵੇਂ ਦੁਸ਼ਮਣ ਦੇ ਦਲ ਉੱਤੇ, ਨੀ ਮੀਂਹ ਬਣ ਕੇ ਵਰ੍ਹੀ ਜਾਂਦੇ!*

*ਕਿਆ ਸੋਹਣਾ ਨਜ਼ਾਰਾ ਹੈ, ਹੁਸਨ ਦੀ ਬੇ-ਨਿਆਜ਼ੀ ਦਾ,*
*ਕਿਵੇਂ ਇਹ ਨੂਰ ਦਾ ਕ੍ਰਿਸ਼ਮਾ, ਹੁਸਨ-ਜਲਵੇ ਭਰੀ ਜਾਂਦੈ!*

*ਚੁੰਮੋ ਨੀ ਤੇਗ ਇਸ ਦੀ ਨੂੰ, ਇਦੇ ਰਾਹਿ ਤਸਾਦਮ ਚੋਂ,*
*ਕਿਵੇਂ ਹੰਗਾਮਿਆਂ ਅੰਦਰ, ਵਤਨ-ਕਿਸਮਤ ਘੜੀ ਜਾਂਦੇ!*

*ਇਹ ਰਾਹ ਹਮਵਾਰ ਕਰਦਾ ਹੈ, ਦਿਲੋਂ ਵਤਨਾਂ ਦੀ ਕਿਸਮਤ ਦਾ,*
*ਇਹ ਨਗ਼ਮਾ ਹੱਕ ਦਾ 'ਉਲਫ਼ਤ', ਲਗਨ ਅੰਦਰ ਪੜ੍ਹੀ ਜਾਂਦੈ!*

# ਤਤਸਾਰ ਬਿਬੇਕ - ਸਿਫ਼ਤਿ-ਸਾਲਾਹ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਸਤਿਗੁਰੂ ਦੇ ਜਿਤਨੇ ਭੀ ਹੁਕਮ, ਅਰਥਾਤ, ਹੁਕਮਾਂ ਰੂਪੀ ਬਚਨ ਹਨ, ਉਹਨਾਂ ਹੁਕਮਾਂ ਦਾ ਸਿਰ ਹੁਕਮ, ਅਰਧਾਤ, ਹੁਕਮਨ ਸਿਰ ਹੁਕਮ (ਤਤਸਾਰੁ ਹੁਕਮੁ) ਇਕੋ ਹੁਕਮ ਹੈ, ਜੋ ਸਮੱਗਰ ਹੁਕਮਾਂ ਦਾ ਕੇਂਦਰ ਹੈ। ਜਿਸ ਦੇ ਦਵਾਲੇ (ਗਿਰਦਾ ਗਿਰਦ) ਸਾਰੇ ਹੁਕਮ ਆਕਰਖਣੀ ਤਾਣ ਅੰਦਰ ਘੁੰਮਦੇ ਹਨ ਅਤੇ ਇਹੋ ਹੁਕਮ ਸਾਡੇ ਕਮਾਵਣ ਲਈ ਜਦੋਂ ਕਮਾਈ ਅੰਦਰ ਆਉਂਦਾ ਹੈ, "ਸਿਰਿ ਕਰਮਨ ਕੈ ਕਰਮਾ" ਬਣ ਜਾਂਦਾ ਹੈ। ਇਹ 'ਹੁਕਮਨ ਸਿਰ ਹੁਕਮ' ਅਥਵਾ 'ਕਰਮਨ ਸਿਰ ਕਰਮਾ' ਕੀ ਹੈ? ਇਕੋ ਨਾਮ ਹੈ, ਜਿਸ ਨੂੰ ਕਿ ਸਿਫ਼ਤਿ ਸਲਾਹਣ, ਹਰਿ ਸਿਮਰਨ, ਹਰਿ ਕੀਰਤਨ, ਹਰਿ ਜਸ ਨਾਵਾਂ ਨਾਲ ਗੁਰਮਤਿ (ਗੁਰਬਾਣੀ) ਅੰਦਰ ਸੰਕੇਤ ਕੀਤਾ ਗਿਆ ਹੈ। ਜਦੋਂ ਇਹ ਹੁਕਮ ਅਥਵਾ ਹੁਕਮ ਰੂਪੀ ਨਾਮੁ ਕਮਾਵਣੁ ਅੰਦਰ ਆਉਂਦਾ ਹੈ, ਅਥਵਾ ਕਮਾਇਆ ਜਾਣ ਕਰਕੇ "ਸਿਰਿ ਕਰਮਨ ਕੈ ਕਰਮਾ" ਦੀ ਸੰਕੇਤਕ ਪਦਵੀ ਅੰਦਰ ਸੰਕੇਤਿਆ ਜਾਂਦਾ ਹੈ ਤਦੋਂ ਏਸੇ 'ਸਿਫ਼ਤਿ-ਸਾਲਾਹ' ਰੂਪੀ "ਸਿਰਿ ਕਰਮਨ ਕੈ ਕਰਮਾ" ਨੂੰ ਗੁਰਮਤਿ ਬਿਬੇਕ ਰੂਪੀ ਸਾਰ ਕਰਣੀ, ਅਰਧਾਤ, ਤਤ ਸਾਰ ਬਿਬੇਕ ਦੇ ਨਾਮ ਨਾਲ ਪ੍ਰਸੇਧਿਆ ਪਰਮਾਨਿਆ ਅਤੇ ਸਨਮਾਨਿਆ ਜਾਂਦਾ ਹੈ। ਇਸ ਉਪਰਲੇ ਸਾਰੇ ਸਿਧਾਂਤ ਦੀ ਪੁਸ਼ਟੀ (ਪ੍ਰੌੜ੍ਹਤਾ) ਲਈ ਹੇਠ ਲਿਖੇ ਗੁਰ ਪ੍ਰਮਾਣ ਵੰਨਗੀ ਵਜੋਂ ਦ੍ਰਿਸ਼ਟੀਗੋਚਰ ਕਰਾਏ ਜਾਂਦੇ ਹਨ। ਯਥਾ -

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥***
***ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥*** ***ਅੰਗ - 72***

***ਹੁਕਮੁ ਜਿਨਾ ਨੋ ਮਨਾਇਆ॥ ਤਿਨ ਅੰਤਰਿ ਸਬਦੁ ਵਸਾਇਆ॥***
***ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ॥*** ***ਅੰਗ - 72***

***ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥***
***ਸੋ ਗਿਆਨੁ ਧਿਆਨੁ ਜੋ ਤੁਧੁ ਭਾਈ॥***
***ਸੋਈ ਜਪੁ ਜੋ ਪ੍ਰਭ ਜੀਉ ਭਾਣੈ ਪੂਰ ਗਿਆਨਾ ਜੀਉ॥*** ***ਅੰਗ - 100***

***ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ॥***
***ਗੁਰ ਕੈ ਸਬਦਿ ਨਾਮਿ ਨੀਸਾਣੈ॥***
***ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ॥*** ***ਅੰਗ - 109***

***ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥***
***ਗੁਰਮੁਖਿ ਪਾਏ ਮੋਖੁ ਦੁਆਰੁ॥***
***ਅਨਦਿਨੁ ਰੰਗਿ ਰਤਾ ਗੁਣ ਗਾਵੈ,***
***ਅੰਦਰਿ ਮਹਲਿ ਬੁਲਾਵਣਿਆ॥*** ***ਅੰਗ - 115***

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ,***
***ਜਿਸੁ ਪੁਰਬ ਲਿਖੇ ਕਾ ਲਹਨਾ॥*** ***ਅੰਗ - 642***

ਏਹਨਾਂ ਗੁਰਵਾਕਾਂ ਤੋਂ ਸਾਫ਼ ਸਿਧ ਹੋਇਆ ਕਿ 'ਹੁਕਮਨ ਸਿਰ ਹੁਕਮ' 'ਏਕੋ ਨਾਮ' ਹੈ। ਜਿਨ੍ਹਾਂ ਨੇ ਅੰਦਰ ਸ਼ਬਦ ਵਸਾਇਆ ਹੈ, ਮਾਨੋ ਤਿਨ੍ਹਾਂ ਨੂੰ 'ਸਿਰ ਹੁਕਮਨ ਕੇ ਹੁਕਮ' ਮਨਾਇਆ ਹੈ। ਅਸਲ ਹੁਕਮਨ ਸਿਰ ਹੁਕਮ ਤਿਨ੍ਹਾਂ ਨੇ ਹੀ ਮੰਨਿਆ ਹੈ ਜਿਨ੍ਹਾਂ ਦੇ ਅੰਤਰਿ ਆਤਮੇ ਸਬਦੁ (ਨਾਮ-ਗੁਰਮੰਤ੍ਰ) ਬਸਿਆ ਹੈ, ਅਥਵਾ, ਜਿਨ੍ਹਾਂ ਨਾਮ ਨੂੰ ਕਮਾਇਆ ਤੇ ਅੰਦਰ ਵਸਾਇਆ ਹੈ, ਜਿਨ੍ਹਾਂ ਨੇ ਸਿਫ਼ਤਿ-ਸਾਲਾਹਣ ਰੂਪੀ ਸਾਰ ਕਮਾਈ ਕੀਤੀ ਤੇ ਕਰ ਕੇ ਤੋੜ ਨਿਭਾਈ, ਤਿਨ੍ਹਾਂ ਨੇ ਮਾਨੋਂ 'ਹੁਕਮ ਰਜਾਈ' ਚੱਲਣ ਦੀ ਗੁਰਮੁਖ ਪਦਵੀ ਪਾਈ। ਗੁਰ ਸਬਦੁ ਰੂਪੀ ਨਾਮ ਨੀਸਾਣੁ ਦੁਆਰਾ ਜਿਨ੍ਹਾਂ ਹਰਿ ਗੁਣ, ਹਰਿ ਜਸ ਵਖਾਣਿਆ, ਤਿਨ੍ਹਾਂ ਨੇ ਮਾਨੋ ਸੱਚਾ ਹੁਕਮ ਪਛਾਣਿਆ। ਇਹ ਸਿਫ਼ਤਿ-ਸਾਲਾਹ ਹਰਿ ਕੀਰਤਨ ਰੂਪੀ ਜਿਹੜੀ ਗੁਰਮਤਿ ਕਰਣੀ ਹੈ, ਇਹੋ ਤਤ ਸਾਰ ਬਿਬੇਕੁ, ਗੁਰਮਤਿ ਬਿਬੇਕੁ "ਸਿਰਿ ਕਰਮਨ ਕੈ ਕਰਮਾ" ਰੂਪੀ ਬਿਬੇਕ ਹੈ। ਇਹੋ ਤਤ ਸਾਰ ਗੁਰਮਤਿ ਬਿਬੇਕ, ਮੋਖ ਦੁਆਰ ਪ੍ਰਾਪਤ

ਕਰਾਵਣਹਾਰ ਹੈ। ਅਤੇ ਏਸੇ ਸਾਰ ਸਾਰ ਕੀਰ-ਕਰੰਮ ਦੇ ਰੰਗ ਰੱਤੇ ਪ੍ਰਾਣੀ ਨੂੰ ਇਹੋ ਗੁਰਮਤਿ ਬਿਬੇਕ, 'ਅੰਤਰਿ ਮਹਲਿ' 'ਬੁਲਾਵਣਹਾਰ' ਹੈ। ਇਹ ਕੀਰਤ-ਕਰੰਮ ਰੂਪੀ ਬਿਬੇਕ, ਇਹ ਸਿਫ਼ਤਿ-ਸਾਲਾਹਣਮਈ ਕਰਣੀ ਰੂਪੀ ਬਿਬੇਕ ਸਭ ਕਰਣੀਆਂ ਕਮਾਈਆਂ ਨਾਲੋਂ ਉੱਚਾ ਸੁੱਚਾ ਬਿਬੇਕ ਹੈ। ਪ੍ਰੰਤੂ ਇਹ ਬਿਬੇਕ ਹਰ ਇਕ ਸਿੱਖ ਜਗਿਆਸੂ ਨੂੰ ਇਕ-ਦਮ ਪ੍ਰਾਪਤ ਨਹੀਂ ਹੁੰਦਾ। ਉਹ ਵਿਰਲੇ ਅਤੇ ਵਡਭਾਗੇ ਜਨ ਹਨ, ਜਿਨ੍ਹਾਂ ਨੂੰ ਕਿ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" ਗੁਰਵਾਕ ਦੇ ਭਾਵ ਅਨੁਸਾਰ ਗੁਰੂ ਘਰ ਵਿਚਿ ਜਨਮ ਲੈਂਦਿਆਂ ਹੀ, ਅਰਥਾਤ, ਅੰਮ੍ਰਿਤ ਛਕਦਿਆਂ ਹੀ ਇਕ-ਦਮ ਇਹ ਉਚ ਕਲਾ ਦਾ ਗੁਰਮਤਿ ਬਿਬੇਕ ਪ੍ਰਾਪਤ ਹੋ ਜਾਂਦਾ ਹੈ। ਓਹਨਾਂ ਦਾ ਪੂਰਬ ਲਿਖੇ ਦਾ ਲਹਿਣਾ ਹੀ ਇਹੋ ਜਿਹਾ ਹੁੰਦਾ ਹੈ ਕਿ ਉਹ ਅੰਮ੍ਰਿਤ ਦੀ ਜਾਗ ਲੱਗਣ ਸਾਰ ਹੀ ਨਾਮ ਮਹਾਂ ਰਸ ਦੀ ਚਮਤਕਾਰੀ ਕਿਰਤ ਕਰੰਮੀ ਰੰਗਾਂ ਵਾਲੀ ਬਿਬੇਕ ਕਲਾ ਵਿਚ ਖੇਡਣ ਲਗ ਜਾਂਦੇ ਹਨ। ਪ੍ਰੰਤੂ ਓਹਨਾਂ ਲਈ ਭੀ ਉਹ ਸਮੁਚੇ ਹੁਕਮ ਪਾਲਣੇ ਅਤਿ ਜ਼ਰੂਰੀ ਹੁੰਦੇ ਹਨ ਜੋ ਕਿ ਅੰਮ੍ਰਿਤ ਦੇ ਸਮੇਂ ਦ੍ਰਿੜ੍ਹਾਏ ਜਾਂਦੇ ਹਨ, ਤੇ ਜਿਨ੍ਹਾਂ ਦੇ ਕਮਾਵਣ ਦੀ ਆਗਿਆ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਂਤ ਭਾਂਤ ਦੇ ਗੁਰਵਾਕਾਂ ਦਵਾਰਾ ਦਿੰਦੇ ਹਨ। ਯਾ ਦੂਜੇ ਪਦਾਂ ਵਿਚ ਇਉਂ ਕਹੋ ਕਿ ਸੁਤੇ ਸੁਭਾ ਹੀ ਉਹਨਾਂ ਤੋਂ ਉਹ ਹੀ ਕਰਮ ਹੁੰਦੇ ਹਨ ਜੋ ਗੁਰੂ ਕੀ ਆਗਿਆ ਅਨੁਸਾਰ ਹੋਣ। ਗੁਰੂ-ਆਗਿਆ ਦਾ ਪਾਲਣਾ ਅਥਵਾ ਗੁਰਮਤਿ ਹੁਕਮਾਂ ਦੀ ਅਨੁਸਾਰਤਾ ਓਹਨਾਂ ਦੀ ਇਕ ਸਹਜ ਸੁਭਾਵੀ ਖੇਡ ਹੁੰਦੀ ਹੈ। ਉਕਤ ਆਤਮ-ਤਰੰਗੀ ਬਿਬੇਕੀ ਜਨਾਂ ਦੀ ਰਹਿਣੀ ਬਹਿਣੀ, ਵਰਤੋਂ ਵਿਉਹਾਰੀ ਕਰਣੀ ਦੇ ਸਾਰੇ ਰੰਗ ਢੰਗ ਹੁਕਮੀ ਬੰਦੇ ਗੁਰਮੁਖਾਂ ਵਾਲੇ ਆਗਿਆ-ਆਧੀਨੀ ਚੋਜ ਹਨ। ਪਾਰ ਪੁਹੰਚੇ ਬਿਬੇਕੀ ਜਨਾਂ ਲਈ ਉਰਾਰ ਦਸ਼ਾ ਦੀ ਸਿਖ ਜਗਿਆਸਾ ਦੇ ਹੁਕਮੀ ਕਰਮ ਕਮਾਉਣੇ ਸੁਖੈਨ ਹੀ ਹੈਨ। ਪ੍ਰੰਤੂ ਆਮ ਸਿਖ ਜਗਿਆਸੂਆਂ ਨੂੰ, ਜਿਨ੍ਹਾਂ ਦੀ ਪਹੁੰਚ ਇਕ-ਦਮ ਸਿਫ਼ਤਿ ਸਾਲਾਹ ਦੀ ਉਚ ਬਿਵਸਥਾ ਤੀਕ ਹੋਣੀ ਅਸੰਭਵ ਹੈ, ਤਿਨ੍ਹਾਂ ਨੂੰ ਇਸ ਸਿਫ਼ਤਿ-ਸਾਲਾਹ ਵਾਲੀ ਰਸਕ ਦਸ਼ਾ ਦੀ ਪ੍ਰਾਪਤੀ ਲਈ ਗੁਰ ਫ਼ੁਰਮਾਏ, ਗੁਰਮਤਿ ਦ੍ਰਿੜ੍ਹਾਏ ਸਮੱਗਰ ਕਰਮਾਂ ਦਾ ਕਰਨਾ, ਅਰਥਾਤ, ਹਰ ਪ੍ਰਕਾਰ ਗੁਰਮਤਿ ਰਹਿਣੀ ਰਹਿਣਾ ਖ਼ਾਸ ਤੌਰ 'ਤੇ ਅਤਿ ਜ਼ਰੂਰੀ ਹੈ। ਪ੍ਰੰਤੂ ਓਹਨਾਂ ਨੇ ਭੀ ਓਸੇ "ਸਿਰਿ ਕਰਮਨ ਕੈ ਕਰਮਾ" ਅਥਵਾ ਸਿਰ ਹੁਕਮਨ ਦੇ ਹੁਕਮ ਨੂੰ ਮੁਖ ਆਦਰਸ਼ ਰਖਣਾ ਹੈ। ਸਿਫ਼ਤਿ-ਸਾਲਾਹ ਰੂਪੀ ਸਾਰ ਕਰਣੀ ਦੇ ਸੰਗ ਸਾਥ ਕਰਨ ਜੋਗ ਸਰਬ ਸਾਧਨ ਸੰਪੰਨ ਕਰਮ ਕਰਨੇ, ਜਿਨ੍ਹਾਂ ਦੇ ਕਰਨ ਦੀ ਕਿ ਗੁਰਮਤਿ ਅਨੁਸਾਰ ਆਗਿਆ ਹੈ, ਇਹ ਭੀ ਗੁਰਮਤਿ ਬਿਬੇਕ ਹੈ। ਜਿਸ ਦਾ ਪਾਲਨ ਕਰਨਾ ਜਾਂ ਜਿਸ ਦਾ ਧਾਰਨ ਕਰਨਾ, ਸਮਾਨ ਅਤੇ ਉਚ ਅਵਸਥਾ ਦੇ ਬਿਬੇਕੀ ਮਾਤ੍ਰ ਲਈ ਅਵੱਸ਼ ਜ਼ਰੂਰੀ ਹੈ। ਪੂਰਨ ਬਿਬੇਕੀ ਜਨ ਤੋਂ ਅਵੱਸ਼ਮੇਵ ਹੀ ਓਹੀ ਸੁਕਰਮ ਕਰਮ ਹੋਣਗੇ ਜੋ ਗੁਰਮਤਿ ਅਨੁਕੂਲ ਹਨ। ਗੁਰਮਤਿ ਪ੍ਰਤਿਕੂਲ ਯਾ ਗੁਰਮਤਿ ਬਿਬਰਜਤ ਕਰਮ ਪੂਰਨ ਬਿਬੇਕੀ ਜਨ ਤੋਂ ਹੋਣੇ ਅਨੁਚਿਤ ਹਨ। ਸਾਰ ਕਰਣੀ ਦੇ ਸਾਧਨ ਸੰਪੰਨ ਕਰਮ ਕਮਾਉਂਦੇ ਹੋਏ ਏਸ ਗੱਲ ਦਾ ਪੂਰਨ ਅਤੇ ਪੱਕਾ ਖ਼ਿਆਲ ਖਿਨ ਖਿਨ ਮਾਤ੍ਰ ਰਖਣਾ ਬਿਬੇਕੀ ਜਨ ਨੂੰ ਲੋੜੀਦਾ ਹੈ ਕਿ ਕਿਤੇ ਉਕਤ ਸਾਧਨ ਸੰਪੰਨ ਕਰਮਾਂ ਵਿਚ ਅਟਕ ਕੇ ਹੀ ਨਾ ਉਰਝ ਜਾਵੇ। ਅਤੇ ਮੁਖ ਮੰਤਵੀ ਸਾਰ ਕਰਣੀ ਨੂੰ ਨਾ ਵਿਸਾਰ ਬੈਠੇ, ਅਤੇ ਪਾਰ ਕਰਣੀ ਦੇ ਸਾਰ ਕਰੰਮ ਤੋਂ ਬੇਮੁਖ ਹੋ ਕੇ ਉਰਾਰ ਕਰਮਾਂ ਵਿਚੋਂ ਕਿਸੇ ਇਕ ਅਧਿਕ ਕਰਮ ਨੂੰ ਹੀ ਮੁਖ ਕਰਮ ਨਾ ਮੰਨ ਬੈਠੇ। ਮੁਖ ਮੰਤਵ ਹੈ ਸਾਡਾ ਨਾਮ ਦਵਾਰਾ ਨਾਮੀ ਅਕਾਲ ਪੁਰਖ ਦੀ ਪ੍ਰਾਪਤੀ। ਨਾਮੀ ਦੀ ਪ੍ਰਾਪਤੀ ਕਰਾਵਣਹਾਰਾ ਨਾਮ ਸਾਡਾ ਮੁਖ ਕਰਮ ਹੈ। ਜਿਤਨੇ ਵੀ ਹੋਰ ਕਰਮ ਗੁਰਬਾਣੀ ਅਥਵਾ ਗੁਰਮਤਿ ਦਵਾਰਾ ਸਾਨੂੰ ਦ੍ਰਿੜ੍ਹਾਏ ਜਾਂਦੇ ਹਨ, ਏਸੇ ਸਿਫ਼ਤਿ-ਸਾਲਾਹ ਦੀ ਸਾਧਨਾ ਲਈ ਸਹਾਇਕ ਕਰਮ ਹਨ। ਪ੍ਰੰਤੂ ਜੇ ਸਿਫ਼ਤਿ-ਸਾਲਾਹ ਤੋਂ ਬੇਮੁਖ ਹੋ ਕੇ ਜਾਂ ਸਿਫ਼ਤਿ-ਸਾਲਾਹ ਨੂੰ ਸਰਸਰੀ ਸਮਝ ਕੇ ਕੇਵਲ ਏਹਨਾਂ ਸਾਧਨ ਸੰਪੰਨ ਸਹਾਇਕ ਕਰਮਾਂ ਵਿਚ ਖੱਚਤ ਹੋ ਜਾਈਏ ਅਤੇ ਏਹਨਾਂ ਨੂੰ ਹੀ ਮੁਖ ਮੰਤਵੀ ਕਰਮ ਸਮਝਣ ਲਗ ਪਵੀਏ ਤਾਂ ਇਹ ਸਾਡੀ ਬਿਬੇਕ ਅਵਸਥਾ ਦੀ ਅਧੋਗਤੀ ਦੇ ਲੱਛਣ ਹੋਣਗੇ। ਉਚ ਬਿਬੇਕ ਦੇ ਖੋਜੀ ਲਈ ਆਪਣੇ ਮੁਖ ਮੰਤਵ ਤੋਂ ਬੇਮੁਖ ਹੋ ਜਾਣਾ ਗੁਰਮਤਿ ਮਾਰਗ ਦੇ ਅਸਲੀ ਸਿਧਾਂਤ ਤੋਂ ਪ੍ਰੇਡੇ ਜਾ ਪੈਣਾ ਹੈ। ਪ੍ਰੰਤੂ ਜਿਨ੍ਹਾਂ ਗੁਰਮਤਿ ਦ੍ਰਿੜ੍ਹਾਏ ਸੁਕਰਮ-ਕਰਮਾਂ ਦੇ ਕਰਨ ਕਰਕੇ ਬਿਬੇਕ ਜਨ ਆਪਣੇ ਉਚ ਬਿਬੇਕੀ ਦੇ ਸੁਹਾਗ ਭਾਗ ਨੂੰ ਪ੍ਰਾਪਤ ਹੋਇਆ ਹੈ, ਜੇ ਉਕਤ ਗੁਰਮਤਿ ਅਨੁਕੂਲ ਸੁਕਰਮ-ਕਰਮਾਂ ਦਾ, ਅਰਥਾਤ, ਗੁਰੂ ਦ੍ਰਿੜ੍ਹਾਈ ਰਹਤ ਰਹਿਣੀ ਵਾਲੇ ਬਿਬੇਕ ਧਾਰਨਾ ਦਾ ਉਹ ਪਰੀ-ਤਿਆਗ ਕਰ ਦੇਵੇ ਤਾਂ ਇਹ ਕੇਵਲ ਉਸ ਦੀ ਅਕ੍ਰਿਤਘਣਤਾ ਅਤੇ ਬਿਬੇਕ ਊਣਤਾ ਹੈ, ਕਿੰਤੂ ਦੂਤੀ ਗੁਰਮਤਿ ਪੈਰੋਕਾਰ ਜਗਿਆਸੂਆਂ ਨੂੰ ਗੁਮਰਾਹ ਕਰਨ ਦਾ ਕੁਚੱਜ ਹੈ।

# ਸਾਕਾ ਚਮਕੌਰ

*[ਡਾ. ਸੁਖਪ੍ਰੀਤ ਸਿੰਘ ਜੀ, ਉਦੋਕੇ]*

ਸੰਸਾਰ ਦੇ ਇਤਿਹਾਸਕ ਪੰਨਿਆਂ ਨੂੰ ਫਰੋਲਦਿਆਂ ਇਕ ਮਹਾਨ ਲਾਸਾਨੀ ਸ਼ਹਾਦਤ ਨਾਲ ਭਰਪੂਰ ਸਾਕਾ ਨਜ਼ਰੀਂ ਪੈਂਦਾ ਹੈ, ਇਹ ਸਾਕਾ ਪੋਹ ਬਿਕ੍ਰਮੀ 1761 (22 ਦਸੰਬਰ, 1704) ਨੂੰ ਚਮਕੌਰ ਦੀ ਗੜ੍ਹੀ ਵਿਖੇ ਵਾਪਰਿਆ ਜਿਥੇ ਦਸਮੇਸ਼ ਪਿਤਾ ਦੇ ਦੋ ਵੱਡੇ ਲਾਡਲੇ ਸਾਹਿਬਜ਼ਾਦਿਆਂ, ਜਾਨ ਤੋਂ ਪਿਆਰੇ ਸਿੰਘਾਂ ਨੇ ਸੀਮਤ ਸ਼ਸਤਰਾਂ, ਕਿਲ੍ਹੇ ਦੇ ਅਭਾਵ ਤੇ ਘੱਟ ਗਿਣਤੀ ਵਿਚ ਹੁੰਦਿਆਂ ਦਸ ਲੱਖ ਫ਼ੌਜ ਨਾਲ ਜੂਝ ਕੇ ਜਾਮ-ਏ-ਸ਼ਹਾਦਤ ਪੀਤਾ। ਚਮਕੌਰ ਦੇ ਸਾਕੇ ਦੀ ਇਤਿਹਾਸਕ ਮਹੱਤਤਾ ਨੂੰ ਕਲਮਬੰਦ ਕਰਦਾ ਹੋਇਆ ਹਕੀਮ ਅੱਲਾ ਯਾਰ ਖ਼ਾ ਯੋਗੀ ਲਿਖਦਾ ਹੈ ਕਿ ਸੰਸਾਰ ਦੇ ਉਪਰ ਕੋਈ ਮਹਾਨ ਅਸਥਾਨ ਹੈ ਤਾਂ ਕੇਵਲ ਚਮਕੌਰ ਦੀ ਗੜ੍ਹੀ ਹੈ, ਜਿਥੇ ਗੁਰੂ ਪਾਤਸ਼ਾਹ ਨੇ ਆਪਣੀ ਉੱਮਤ ਨੂੰ ਮਜੀਠੀ ਰੰਗ ਦੀ ਰੰਗਤ ਦੇਣ ਵਾਸਤੇ ਆਪਣੇ ਪੁੱਤਰਾਂ ਨੂੰ ਖ਼ੂਨ ਅੱਖਾਂ ਸਾਹਮਣੇ ਡੁਲ੍ਹਦਾ ਵੇਖਿਆ। ਕਵੀ ਲਿਖਦਾ ਹੈ -

***ਬਸ ਹਿੰਦ ਮੇਂ ਏਕ ਤੀਰਥ ਹੈ ਯਾਤ੍ਰਾ ਕੇ ਲੀਏ,***
***ਕਟਾਏ ਬਾਪ ਨੇ ਬੇਟੇ ਜਹਾਂ ਖ਼ੁਦਾ ਕੇ ਲੀਏ।***
***ਚਮਕ ਹੈ ਮੇਹਰ ਕੀ ਐ ਚਮਕੌਰ! ਤੇਰੇ ਜ਼ੱਰੋਂ ਮੇਂ,***
***ਯਹੀਂ ਸੇ ਸਿਤਾਰੇ ਬਨ ਕੇ ਗਏ ਆਸਮਾਂ ਕੇ ਲੀਏ।***
***(ਗੰਜਿ ਸ਼ਹੀਦਾਂ)***

ਪਹਾੜੀ ਰਾਜਿਆਂ ਅਤੇ ਮੁਗ਼ਲ ਹਾਕਮਾਂ ਦੀਆਂ ਸੌਗੰਧਾਂ ਉਪਰ ਵਿਸ਼ਵਾਸ ਕਰਕੇ 6-7 ਪੋਹ ਨੂੰ ਗੁਰੂ ਦਸਮੇਸ਼ ਜੀ ਨੇ ਅਨੰਦਪੁਰ ਸਾਹਿਬ ਛੱਡ ਦਿੱਤਾ। ਅਜੇ ਸਰਸਾ ਨਦੀ ਦੇ ਕੰਢੇ ਉਪਰ ਹੀ ਪਹੁੰਚੇ ਸਨ ਕਿ ਮੁਗ਼ਲ ਸੈਨਾ ਨੇ ਧਰਮ ਆਧਾਰਿਤ ਇਕਰਾਰ ਤੋੜ ਕੇ ਗੁਰੂ ਪਾਤਸ਼ਾਹ ਉਪਰ ਹੱਲਾ ਕਰ ਦਿੱਤਾ। ਘਮਸਾਨ ਦਾ ਯੁੱਧ ਹੋਇਆ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਉਦੈ ਸਿੰਘ ਨੇ ਮੁਗ਼ਲ ਸੈਨਾ ਨੂੰ ਰੋਕਿਆ ਅਤੇ ਬਾਕੀ ਵਹੀਰ ਨੇ ਸਰਸਾ ਨੂੰ ਪਾਰ ਕੀਤਾ। ਇਸ ਭਗਦੜ ਵਿਚ ਗੁਰੂ ਜੀ ਦਾ ਸਾਰਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਨਾਲ ਦਿੱਲੀ ਵਲ ਨੂੰ ਰਵਾਨਾ ਹੋ ਗਏ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਆਪਣੇ ਘਰੇਲੂ ਨੌਕਰ ਨਾਲ ਉਸਦੇ ਪਿੰਡ ਵੱਲ ਚਲੇ ਗਏ। ਗੁਰੂ ਗੋਬਿੰਦ ਸਿੰਘ ਚਾਲੀ ਸਿੰਘਾਂ ਤੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਚਮਕੌਰ ਪਹੁੰਚੇ। ਚਮਕੌਰ ਵਿਖੇ ਪਹੁੰਚ ਕੇ ਗੁਰੂ ਜੀ ਨੇ ਪਿੰਡ ਤੋਂ ਬਾਹਰਵਾਰ ਬਣੀ ਇਕ ਦੋ-ਮੰਜ਼ਲੀ ਕੱਚੀ ਹਵੇਲੀ ਵਿਚ ਉਤਾਰਾ ਕੀਤਾ। ਹਵੇਲੀ ਦੇ ਮਾਲਕ ਬੁੱਧੀ ਚੰਦ ਨੇ ਘਰ ਨਿਵਾਸ ਕਰਨ ਦੀ ਜੋਦੜੀ ਕੀਤੀ, ਪਰ ਗੁਰੂ ਜੀ ਨੇ ਯੁਧਨੀਤਕ ਪੱਖਾਂ ਨੂੰ ਵਿਚਾਰਦਿਆਂ ਹੋਇਆਂ ਗੜ੍ਹੀ ਵਿਖੇ ਠਹਿਰਨਾ ਹੀ ਜਾਇਜ਼ ਸਮਝਿਆ। ਸਿੰਘਾਂ ਨੇ ਤੁਰੰਤ ਹੀ ਆਗਾਮੀ ਯੁੱਧ ਦੀ ਤਿਆਰੀ ਕਰਦਿਆਂ ਗੜ੍ਹੀ ਨੂੰ ਮੋਰਚਾਬੱਧ ਕਰ ਲਿਆ, ਗੁਰੂ ਪਾਤਸ਼ਾਹ ਆਪ ਮੋਰਚਾਬੰਦੀ ਦੀ ਨਿਗਰਾਨੀ ਕਰ ਰਹੇ ਸਨ। ਅੱਲਾ ਯਾਰ ਖ਼ਾਂ ਯੋਗੀ ਅਨੁਸਾਰ ਗੁਰੂ ਪਾਤਸ਼ਾਹ ਦੇ ਚਿਹਰੇ ਉਪਰ ਅੰਤਾਂ ਦਾ ਨੂਰ ਸੀ, ਜਿਵੇਂ ਅਕਾਲ ਪੁਰਖ ਨੂੰ ਕਹਿ ਰਹੇ ਹੋਵਣ -

***ਕਰਤਾਰ ਸੇ ਕਹਿਤੇ ਥੇ ਗੋਯਾ ਰੂ-ਬ-ਰੂ ਹੋਕਰ,***
***ਕਲ ਜਾਊਂਗਾ ਮੈਂ ਚਮਕੌਰ ਸੇ ਸੁਰਖ਼ਰੂ ਹੋ ਕਰ।***
***ਗੰਜਿ ਸ਼ਹੀਦਾਂ***

ਇੰਨੇ ਸਮੇਂ ਨੂੰ ਵਜ਼ੀਰ ਖ਼ਾਨ, ਜ਼ਬਰਦਸਤ ਖ਼ਾਨ, ਨਾਹਰ ਖ਼ਾਨ, ਗਨੀ ਖ਼ਾਨ, ਖ਼ਵਾਜਾ ਮਹਿਮੂਦ ਅਲੀ ਆਦਿ ਮੁਗ਼ਲ ਹੁਕਮਰਾਨਾਂ ਦੀ ਅਗਵਾਈ ਹੇਠ ਲੱਖਾਂ ਦੀ ਗਿਣਤੀ ਵਿਚ ਮੁਗ਼ਲ ਫ਼ੌਜ ਗੜ੍ਹੀ ਦੇ ਬਾਹਰ ਪਹੁੰਚ ਗਈ।

ਕਈ ਪਹਾੜੀ ਰਾਜੇ ਗੋਪਾਲ ਚੰਦ, ਕ੍ਰਿਪਾਲ ਚੰਦ, ਕੇਸਰੀ ਚੰਦ, ਲੱਛੂ ਚੰਦ ਆਦਿ ਵੀ ਆਪਣੇ-ਆਪਣੇ ਲਸ਼ਕਰ ਸਮੇਤ ਮੁਗ਼ਲ ਫ਼ੌਜਾਂ ਨਾਲ ਆ ਰਲੇ। ਗੁਰੂ ਪਾਤਸ਼ਾਹ ਦੀ ਕਮਾਂਡ ਹੇਠ ਸਿੰਘਾਂ ਨੇ ਗੜ੍ਹੀ ਦੇ ਅੰਦਰੋਂ ਤੀਰਾਂ ਦੀ ਅਜਿਹੀ ਵਰਖਾ ਕੀਤੀ ਕਿ ਮੁਗ਼ਲ ਫ਼ੌਜਾਂ ਵਿਚ ਭਾਜੜਾਂ ਪੈ ਗਈਆਂ। ਉਪਰੰਤ ਗੁਰੂ ਜੀ ਨੇ ਸਿੰਘਾਂ ਨੂੰ ਪੰਜ-ਪੰਜ ਦੇ ਜੱਥਿਆਂ ਦੇ ਰੂਪ ਵਿਚ ਗੜ੍ਹੀ ਤੋਂ ਬਾਹਰ ਭੇਜਣਾ ਸ਼ੁਰੂ ਕੀਤਾ। ਸਿੰਘ ਜੱਥਿਆਂ ਵਿਚ ਨਿਕਲਦੇ ਅਤੇ ਦੁਸ਼ਮਣ ਦੀਆਂ ਸਫ਼ਾਂ ਨੂੰ ਚੀਰਦੇ ਹੋਏ ਅਨੇਕਾਂ ਨੂੰ ਸਦਾ ਦੀ ਨੀਂਦ ਸੁਵਾ ਕੇ ਜਾਮੇ ਸ਼ਹਾਦਤ ਪੀ ਨਿਹਾਲ-ਨਿਹਾਲ ਹੋ ਜਾਂਦੇ। ਜਾਨ ਤੋਂ ਪਿਆਰੇ ਵੀਰਾਂ ਨੂੰ ਅੱਖਾਂ ਸਾਹਮਣੇ ਸ਼ਹੀਦ ਹੁੰਦਾ ਵੇਖ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਬੜੇ ਜੋਸ਼ ਅਤੇ ਗੌਰਵ ਨਾਲ ਮੈਦਾਨ-ਏ-

ਜੰਗ ਵਿਚ ਜਾਣ ਦੀ ਆਗਿਆ ਗੁਰੂ ਪਿਤਾ ਕੋਲੋਂ ਮੰਗੀ ਤੇ ਕਿਹਾ –

*ਨਾਮ ਕਾ ਅਜੀਤ ਹੂੰ ਜੀਤਾ ਨਾ ਜਾਊਂਗਾ।*
*ਜੀਤਾ ਗਿਆ ਤੋ ਯੁੱਧ ਸੇ ਜੀਤਾ ਨ ਆਊਂਗਾ।*
*(ਜੌਹਰਿ ਤੇਗ)*

ਪਿਤਾ ਗੁਰੂ ਜੀ ਕੋਲੋਂ ਆਗਿਆ ਲੈ ਕੇ ਸਾਹਿਜ਼ਾਦਾ ਅਜੀਤ ਸਿੰਘ ਜੀ ਦਸ ਕੁ ਸਿੰਘਾਂ ਨਾਲ ਮੈਦਾਨੇ ਜੰਗ ਵਿਚ ਗਏ। ਅਜਿਹੀ ਤੇਗ਼ ਵਾਹੀ ਕਿ ਮੁਗ਼ਲ ਸਿਪਾਹੀ ਦੰਗ ਰਹਿ ਗਏ। ਆਪਣਾ ਬਚਾਅ ਕਰਨ ਲੱਗੇ।

*ਬਚ ਬਚ ਕੇ ਲੜੋ,*
*ਕਲਗੀਆਂ ਵਾਲੇ ਕੇ ਪਿਸਰ ਸੇ। (ਗੰਜਿ ਸ਼ਹੀਦਾਂ)*

ਅਨੇਕਾਂ ਹੀ ਦੁਸ਼ਮਣਾਂ ਨੂੰ ਤੇਗ਼ ਦੀ ਧਾਰ ਦਾ ਮਜ਼ਾ ਚਖਾਉਂਦੇ ਹੋਏ ਸਾਹਿਬਜ਼ਾਦਾ ਅਜੀਤ ਸਿੰਘ ਜੀ 17 ਸਾਲ 10 ਮਹੀਨੇ 15 ਦਿਨ ਦੀ ਆਯੂ ਵਿਚ 22 ਦਸੰਬਰ, 1704 ਨੂੰ ਚਮਕੌਰ ਵਿਖੇ ਜਾਮੇ ਸ਼ਹਾਦਤ ਪੀ ਗਏ।

ਵੱਡੇ ਭਰਾ ਨੂੰ ਮੈਦਾਨੇ ਜੰਗ ਅੰਦਰ ਅੱਖਾਂ ਸਾਹਮਣੇ ਦੁਸ਼ਮਣਾਂ ਨਾਲ ਜੂਝਦਿਆਂ ਅਤੇ ਸ਼ਹੀਦ ਹੁੰਦਾ ਵੇਖ ਕੇ ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਪਿਤਾ ਗੁਰੂ ਪਾਸ ਮੈਦਾਨੇ ਜੰਗ ਵਿਚ ਜਾਣ ਦੀ ਇੱਛਾ ਪ੍ਰਗਟ ਕੀਤੀ। ਕਵੀ ਅੱਲਾ ਯਾਰ ਖ਼ਾਂ ਜੋਗੀ ਅਨੁਸਾਰ –

*ਇਸ ਵਕਤ ਕਹਾ ਨੰਨੇ ਸੇ ਮਾਸੂਮ ਪਿਸਰ ਨੇ,*
*ਰੁਖ਼ਸਤ ਹਮੇ ਦਿਲਵਾਉ ਹਮ ਜਾਏਂਗੇ ਮਰਨੇ।*
*ਭਾਈ ਸੇ ਬਿਛੁੜ ਕਰ ਹਮੇ ਜੀਨਾ ਨਹੀਂ ਆਤਾ,*
*ਸੋਨਾ ਨਹੀਂ, ਖਾਨਾ ਨਹੀਂ, ਪੀਨਾ ਨਹੀਂ ਭਾਤਾ।*

ਛੋਟੇ ਪੁੱਤਰ ਦੀ ਇੱਛਾ ਤੱਕ ਕੇ ਗੁਰਦੇਵ ਪਿਤਾ ਅਤੀ ਪ੍ਰਸੰਨ ਹੋਏ, ਮੈਦਾਨੇ ਜੰਗ ਅੰਦਰ ਭੇਜਣ ਵਾਸਤੇ ਆਪਣੇ ਕਰ-ਕਮਲਾਂ ਨਾਲ ਤਿਆਰ ਕੀਤਾ। ਤਨ ਉਪਰ ਸ਼ਸਤਰ ਸਜਾਏ, ਗਲ ਨਾਲ ਲਗਾ ਕੇ ਕਿਹਾ –

*ਲੋ ਆਉਂ ਕਮਾਂ ਨੰਨੀ ਸੀ ਤਲਵਾਰ ਸਜਾ ਦੇਂ।*

ਆਪ ਸ਼ਸਤਰ ਸਜਾ ਕੇ ਗੁਰੂ ਪਾਤਸ਼ਾਹ ਨੇ ਜੁਝਾਰ ਸਿੰਘ ਨੂੰ ਜੰਗ ਵਿਚ ਜਾਣ ਲਈ ਤਿਆਰ ਕੀਤਾ ਤੇ ਜਿਹੜੀ ਗੁਰੂ ਪਿਤਾ ਨੇ ਪੁੱਤਰ ਤੋਂ ਆਸ ਰੱਖੀ ਬੜੀ ਵਿਲੱਖਣ ਹੈ। ਸੰਸਾਰ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਪਤਾ ਚਲਦਾ ਹੈ ਕਿ ਪਿਤਾ ਵਾਸਤੇ ਪੁੱਤਰਾਂ ਦਾ ਵਿਛੋੜਾ ਕਿੰਨਾ ਅਸਹਿ ਹੈ। ਹਜ਼ਰਤ ਇਬਰਾਹੀਮ ਪੁੱਤਰ ਦੀ ਮੌਤ ਨਾ ਵੇਖ ਸਕਿਆ, ਅਭਿਮੰਨਿਯੂ ਦੀ ਮੌਤ ਉਪਰ ਅਰਜਨ ਜ਼ਾਰੋ-ਜ਼ਾਰ ਰੋਇਆ, ਰਾਮ ਚੰਦਰ ਜੀ ਅਤੇ ਲਛਮਣ ਨੂੰ ਬਨਵਾਸ ਦੇ ਕੇ ਰਾਜਾ ਦਸ਼ਰਥ ਸਦਮਾ ਨਾ ਸਹਾਰ ਸਕਿਆ। ਪਰ ਕੈਸਾ ਜਿਗਰਾ ਹੈ ਦਸਮੇਸ਼ ਪਿਤਾ ਦਾ, ਛੋਟੇ ਸਾਹਿਬਜ਼ਾਦੇ ਨੂੰ ਮੈਦਾਨੇ ਜੰਗ ਅੰਦਰ ਤੋਰਦੇ ਸਮੇਂ ਕਹਿ ਰਹੇ ਹਨ –

*ਖ਼ਾਹਸ਼ ਹੈ ਤੁਮੇ ਤੇਗ਼ ਚਲਾਤੇ ਹੂਏ ਦੇਖੇਂ।*
*ਹਮ ਆਂਖ ਸੇ ਬਰਛੀ ਤੁਮੇ ਖਾਤੇ ਹੂਏ ਦੇਖੇਂ।*

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਕੁਝ ਸਿੰਘਾਂ ਨੂੰ ਨਾਲ ਲੈ ਕੇ ਭਖੇ ਹੋਏ ਰਣ ਖੇਤਰ ਵਿਚ ਗਏ। ਅਨੇਕਾਂ ਦੁਸ਼ਮਣਾਂ ਨੂੰ ਮੌਤ ਦਾਨ ਵੰਡਦੇ ਹੋਏ ਅਕਾਲ ਪੁਰਖ ਦੀ ਗੋਦ ਵਿਚ ਜਾ ਬਿਰਾਜੇ। 14 ਸਾਲ 8 ਮਹੀਨੇ 17 ਦਿਨ ਦੀ ਉਮਰ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸ਼ਹੀਦ ਹੋਏ।

ਧੰਨ ਨੇ ਦਸਮੇਸ਼ ਪਿਤਾ, ਅੱਖਾਂ ਸਾਹਮਣੇ ਦੋ ਪੁੱਤਰਾਂ ਨੂੰ ਸ਼ਹੀਦ ਹੁੰਦਾ ਵੇਖ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ ਕਿ ਹੇ ਅਕਾਲ ਪੁਰਖ। ਤੇਰੀ ਅਮਾਨਤ ਤੇਰੇ ਦਰਬਾਰ ਪਹੁੰਚੀ ਹੈ –

*ਆਜ ਖਾਲਸਾ ਖਾਸ ਭਯੋ,*
*ਸਤਿਗੁਰ ਕੇ ਦਰਬਾਰ।*

ਪੰਥ ਖ਼ਾਲਸੇ ਉਪਰੋਂ ਸਰਬੰਸਦਾਨ ਕਰਨ ਵਾਲੇ ਦਸਮੇਸ਼ ਪਿਤਾ ਨੂੰ ਰੰਚਕ ਮਾਤਰ ਵੀ ਰੰਜ ਨਹੀਂ, ਸਗੋਂ ਬੜੇ ਮਾਣ ਤੇ ਗੌਰਵ ਨਾਲ ਖ਼ਾਲਸੇ ਨੂੰ ਮੁਖ਼ਾਤਿਬ ਕਰਕੇ ਆਖ ਰਹੇ ਹਨ –

*ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।*
*ਚਾਰ ਮੂਏ ਤੋ ਕਿਆ ਭਯਾ ਜੀਵਤ ਕਈ ਹਜ਼ਾਰ।*

# ਹੁਣ ਬਹੁੜ ਪੰਥ ਦੇ ਵਾਲੀ

*–ਝੰਡਾ ਸਿੰਘ ਆਲਮ, ਅਕਾਲੀ ਗੂੰਜ*

ਚਾਰ ਦੁਲਾਰੇ, ਪੰਜ ਪਿਆਰੇ, ਲੈ ਕੇ ਮੁਕਤੇ ਚਾਲੀ।
ਫੇਰ ਡਾਹਢਿਆਂ ਲੋਕ ਦੁਖਾਏ, ਕੌਣ ਕਰੇ ਰਖਵਾਲੀ।
ਧੱਕੇ ਵਾਲੀ ਅੰਤ ਹੋ ਗਈ, ਹੋਇਆ ਪੰਥ ਸਵਾਲੀ।
ਫਸੀ ਔਕੜਾਂ ਅੰਦਰ ਸਾਈਆਂ, ਕੌਮ ਦੁਖਾਂ ਦੀ ਪਾਲੀ।
ਆ ਕੇ ਦੇਖ ਬਾਗ ਦੀ ਹਾਲਤ, ਪੰਥ ਬਾਗ ਦੇ ਮਾਲੀ।
ਫੁਲ ਟਹਿਕਦੇ ਤੇਰੇ ਚੁਣ ਚੁਣ, ਬੁਲਬੁਲ ਪਿੰਜਰੇ ਡਾਲੀ।
ਦਿਸੇ ਨਾ ਤੇਰੇ ਸਿੱਖਾਂ ਅੰਦਰ, ਤਾਕਤ ਅੰਮ੍ਰਿਤ ਵਾਲੀ।
ਝੁਲਿਆ ਹੈ ਤੂਫ਼ਾਨ ਹਨੇਰੀ, ਉੱਠੀ ਹੈ ਘਟ ਕਾਲੀ।
ਚਿੜੀਆਂ ਕੋਲੋਂ ਬਾਜ ਡਰਾ ਜਾ, ਪਿਆ ਕੇ ਅੰਮ੍ਰਿਤ ਪਿਆਲੀ।
ਭੇਜ ਕਿਸੇ ਮਾਈ ਭਾਗੋ ਨੂੰ, ਰੱਖ ਲਏ ਜਾਂਦੀ ਲਾਲੀ।



ਅਖੰਡ ਕੀਰਤਨੀ ਜੱਥਾ ਬੰਗਾ ਵੱਲੋ
ਗੁ: ਚਰਨ ਕੰਵਲ ਸਾਹਿਬ,ਬੰਗਾ ਵਿੱਖੇ
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਅਤੇ
ਭਾਈ ਮਤੀ ਦਾਸ ਜੀ,ਭਾਈ ਸਤੀ ਦਾਸ ਜੀ,ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਿਤ
ਸਲਾਨਾ ਰੈਣਿ ਸੁਬਾਈ ਕੀਰਤਨ ਅਤੇ
ਦਿਵਸ ਸੁਹੇਲਾ ਸਮਾਗਮ
ਮਿਤੀ 9 ਦਸੰਬਰ 2023 ਤੋਂ
10 ਦਸੰਬਰ 2023 ਤੱਕ
AKHAND KIRTANI JATHA
ਸਮਾ ਸਵੇਰੇ 5 ਵਜੇ ਤੋਂ ਦੁਪਹਿਰ 1 ਵਜੇ
ਤੱਕ ਸ਼ਾਮ 7 ਵਜੇ ਤੋਂ ਸਵੇਰੇ 4 ਵਜੇ ਤੱਕ
9 ਦਸੰਬਰ 2023 ਦਿਨ ਸ਼ਨੀਵਾਰ ਸ਼ਾਮ 7 ਵਜੇ ਤੋਂ ਸਵੇਰੇ 4 ਵਜੇ ਤੱਕ ਰੈਣਿ ਸੁਬਾਈ ਕੀਰਤਨ ਸਮਾਗਮ
ਗੁ: ਚਰਨ ਕੰਵਲ ਸਾਹਿਬ ਜੀਂਦੋਵਾਲ ਬੰਗਾ ਵਿੱਖੇ। ਸੋ ਇਨ੍ਹਾਂ ਸਮਾਗਮਾਂ ਵਿੱਚ ਪਹੁੰਚ ਕੇ ਲਾਹਾ ਪ੍ਰਾਪਤ ਕਰੋ ਜੀ
ਸਮਾਗਮ ਦਾ ਲਾਈਵ ਪ੍ਰਸਾਰਣ
AKJ ਨਿਰਬਾਣ ਕੀਰਤਨੀ ਜਥਾ,Akj.Org ਅਤੇ Akj
Punjab ਦੇ ਮਾਧਿਅਮ ਰਾਹੀ ਕੀਤਾ ਜਾਵੇਗਾ
ਗੁਰੂ ਕੇ ਲੰਗਰ ਅਤੁੱਟ ਵਰਤਣਗੇ ਜੀ
ਵਿਸ਼ੇਸ ਸਹਿਯੋਗ: ਮੈਨੇਜਰ ਗੁ: ਚਰਨ ਕੰਵਲ ਸਾਹਿਬ, ਜੀਂਦੋਵਾਲ ਬੰਗਾ,ਸ੍ਰੋ.ਗੁ: ਪ੍ਰਬੰਧਕ ਕਮੇਟੀ
ਵੱਲੋਂ: ਅਖੰਡ ਕੀਰਤਨੀ ਜੱਥਾ ਬੰਗਾ,ਨਵਾਂਸ਼ਹਿਰ,ਫਗਵਾੜਾ ਅਤੇ ਸਮੂਹ ਧਾਰਮਿਕ ਜੱਥੇਬੰਦੀਆ
ਸਪੰਰਕ. 9872892544,9463064005,9988716000,9888662161,9814540722,9463663515




ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ
ਬਾਲਾ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ
ਅਖੰਡ ਕੀਰਤਨ ਸਮਾਗਮ
13 ਦਸੰਬਰ ਤੋਂ 17 ਦਸੰਬਰ 2023 ਤੱਕ
ਬੁੱਧਵਾਰ, 13 ਦਸੰਬਰ, ਸਵੇਰੇ 9.30 ਵਜੇ ਤੋਂ ਦੁਪਹਿਰ 2.00 ਵਜੇ ਤੱਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ
ਬੁੱਧਵਾਰ, 13 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ
ਵੀਰਵਾਰ, 14 ਦਸੰਬਰ, ਸਵੇਰੇ 7.00 ਤੋਂ ਦੁਪਹਿਰ 1.30 ਵਜੇ ਤੱਕ ਗੁਰਦੁਆਰਾ ਗੋਬਿੰਦ ਨਗਰ, ਚਿਤਕੋਹਰਾ
ਵੀਰਵਾਰ, 14 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ
ਸ਼ੁੱਕਰਵਾਰ, 15 ਦਸੰਬਰ, ਸਵੇਰੇ 4.15 ਤੋਂ ਦੁਪਹਿਰ 2.00 ਵਜੇ ਤੱਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ
ਸ਼ੁੱਕਰਵਾਰ, 15 ਦਸੰਬਰ, ਸ਼ਾਮ 4.00 ਤੋਂ ਰਾਤ 9.00 ਵਜੇ ਤੱਕ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ
ਸ਼ਨੀਵਾਰ, 16 ਦਸੰਬਰ, ਸਵੇਰੇ 7.00 ਤੋਂ ਦੁਪਹਿਰ 2.00 ਵਜੇ ਤੱਕ ਗੁਰਦੁਆਰਾ ਕੰਗਨ ਘਾਟ ਸਾਹਿਬ
ਸ਼ਹੀਦੀ ਸਮਾਗਮ
ਐਤਵਾਰ, 17 ਦਸੰਬਰ, ਅੰਮ੍ਰਿਤ ਵੇਲੇ 4.00 ਤੋਂ ਦੁਪਹਿਰ 1.00 ਵਜੇ ਤੱਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ
ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ
ਸ਼ਨੀਵਾਰ, 16 ਦਸੰਬਰ, ਸ਼ਾਮ 6.00 ਵਜੇ ਤੋਂ
ਸਵੇਰੇ 3.00 ਵਜੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ
ਅੰਮ੍ਰਿਤ ਵੇਲਾ ਸਮਾਗਮ
14 ਤੋਂ 16 ਦਸੰਬਰ
ਰਾਤ 12:00 ਵਜੇ ਤੋਂ ਤਖ਼ਤ ਸਾਹਿਬ ਵਿਖੇ
ਦਾਸਰੇ : ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਤਖਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ
#93342 42679, 97982 18000, 93340 33888, 98885 53564, 79869 79969

# ਸਹਾਇਤਾ ਆਤਮ ਰੰਗ ਨਵੰਬਰ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਸੁਰਿੰਦਰ ਸਿੰਘ ਜੀ ਬਰੇਲੀ ਅਪਣੇ ਨਵੇਂ ਘਰ ਦੀ ਖੁਸ਼ੀ ਵਿੱਚ ਅੰਮ੍ਰਿਤਸਰ ਵਿਖੇ | 1,100.00 |
| ◆ ਭਾਈ ਗੁਰਮੀਤ ਸਿੰਘ ਜੀ ਦੀ ਅੰਤਿਮ ਅਰਦਾਸ ਸਮੇਂ, ਜਲੰਧਰ ਮਾਰਫਤ ਬਲਜੀਤ ਸਿੰਘ ਜੀ | 1,100.00 |
| ◆ ਭਾਈ ਦਲਜੀਤ ਸਿੰਘ ਜੀ ਭੱਟੀ ਲੁਧਿਆਣਾ ਅਪਣੇ ਮਾਤਾ ਪਿਤਾ ਦੀ ਯਾਦ ਵਿਚ ਟਰੱਸਟ ਸਮਾਗਮ | 5,000.00 |
| ◆ ਗੁਪਤ ਸੇਵਾ, ਲੁਧਿਆਣਾ | 11,000.00 |
| ◆ ਬੀਬੀ ਬਲਬੀਰ ਕੌਰ ਜੀ, ਕੈਨੇਡਾ | 20,000.00 |
| ◆ ਭਾਈ ਅਸ਼ਵਨੀ ਜੀ, ਚੰਡੀਗੜ੍ਹ | 3,100.00 |
| ◆ ਬੀਬੀ ਇੰਦਰਜੀਤ ਕੌਰ ਜੀ, ਚੰਡੀਗੜ੍ਹ | 2,100.00 |
| **ਕੁਲ ਜੋੜ** | **63,400.00** |

## Statement of Income & Expenditure for the Month of Nov., 2023 of *Atam Rang*

| | |
|---|---|
| 1. M/s Jai Offset Printers | 32,000.00 |
| 2. Cost of Service Stamps | 12,600.00 |
| 3. Cost of envelops & Printing | 12,200.00 |
| 4. Cost of Sticker & Printing | 4,000.00 |
| 5. Previous balance | 29,811.00 |
| **Total Expenditure upto 30.11.2023** | **90,611.00** |
| Donation | 63,400.00 |
| Membership | – |
| **Total Income** | **63,400.00** |
| **Expenditure** | **90,611.00** |
| **Income** | **63,400.00** |
| **Difference** | **(-) 27,211.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 16 ਦਸੰਬਰ |
| ਪੂਰਨਮਾਸ਼ੀ | 26 ਦਸੰਬਰ |
| ਮੱਸਿਆ | 12 ਦਸੰਬਰ |
| ਪੰਚਮੀ | 17 ਦਸੰਬਰ |
| **ਗੁਰਪੁਰਬ** | |
| ਗੁਰਗੱਦੀ ਗੁਰੂ ਗੋਬਿੰਦ ਸਿੰਘ ਜੀ | 15 ਦਸੰਬਰ |
| ਸ਼ਹੀਦੀ ਗੁਰੂ ਤੇਗ ਬਹਾਦਰ ਸਾਹਿਬ ਜੀ | 17 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ ਸਾਹਿਬ) | 23 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) | 28 ਦਸੰਬਰ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*

## ਮੋਗਾ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੱਰਤਾ ਗੱਦੀ ਦੇ ਸਬੰਧ ਵਿੱਚ

# ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ

ਦੱਤ ਰੋਡ, ਮੋਗਾ ਵਿਖੇ

## ਸਲਾਨਾ ਕੇਂਦਰੀ

# ਅਖੰਡ ਕੀਰਤਨ ਸਮਾਗਮ

ਮਿਤੀ 30 ਨਵੰਬਰ ਤੋਂ 3 ਦਸੰਬਰ ਤੱਕ

ਪਰਮ ਸਤਿਕਾਰਯੋਗ ਗੁਰੂ ਪਿਆਰੀ, ਗੁਰੂ ਰੂਪ ਸਾਧ ਸੰਗਤ ਜੀਓ ਮੋਗੇ ਦੇ ਸਮੂਹ ਗੁਰਦੁਆਰਾ ਪ੍ਰਬੰਧ ਕਮੇਟੀਆਂ, ਜੱਥੇਬੰਦੀਆਂ, ਸੇਵਾ ਸੁਸਾਇਟੀਆਂ ਅਤੇ ਮੋਗੇ ਦੀ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁੱਰਤਾ ਗੱਦੀ ਦਿਵਸ ਬਹੁਤ ਹੀ ਚਾਅ ਅਤੇ ਸ਼ਰਧਾ ਨਾਲ ਮਨਾਇਆਂ ਜਾ ਰਿਹਾ ਹੈ, ਆਪ ਜੀ ਨੇ ਇਹਨਾਂ ਸਮਾਗਮਾਂ ਵਿੱਚ ਹਾਜਰੀਆਂ ਭਰ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ ਜੀ।

| ਮਿਤੀ ਅਤੇ ਦਿਨ | ਸਮਾਂ | ਸਥਾਨ |
|---|---|---|
| ਮਿਤੀ 01 ਦਸੰਬਰ 2023<br>ਦਿਨ ਸ਼ੁੱਕਰਵਾਰ | ਸ਼ਾਮ ਦਾ ਸਮਾਗਮ<br>ਸ਼ਾਮ 6 ਵਜੇ ਤੋਂ 9:30 ਵਜੇ ਤੱਕ | ਗੁਰਦੁਆਰਾ ਕਲਗੀਧਰ ਸਾਹਿਬ<br>ਦੱਤ ਰੋਡ, ਮੋਗਾ ਵਿਖੇ |
| ਮਿਤੀ 02 ਦਸੰਬਰ 2023<br>ਦਿਨ ਸ਼ਨੀਵਾਰ | ਦਿਵਸ ਸੁਹੇਲਾ ਕੀਰਤਨ<br>ਸਵੇਰੇ 7 ਵਜੇ ਤੋਂ ਦੁਪਹਿਰ 1 ਵਜੇ ਤੱਕ | ਗੁਰਦੁਆਰਾ ਕਲਗੀਧਰ ਸਾਹਿਬ<br>ਦੱਤ ਰੋਡ, ਮੋਗਾ ਵਿਖੇ |
| ਮਿਤੀ 02 ਦਸੰਬਰ 2023<br>ਦਿਨ ਸ਼ਨੀਵਾਰ | ਰੈਣਸੁਬਾਈ ਕੀਰਤਨ<br>ਸ਼ਾਮ 6 ਵਜੇ ਵਜੇਂ ਤੋਂ ਐਤਵਾਰ ਸਵੇਰੇ 4 ਵਜੇ ਤੱਕ | ਗੁਰਦੁਆਰਾ ਕਲਗੀਧਰ ਸਾਹਿਬ<br>ਦੱਤ ਰੋਡ, ਮੋਗਾ ਵਿਖੇ |

ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ, ਦੱਤ ਰੋਡ, ਮੋਗਾ ਵਿਖੇ ਹੋਵੇਗਾ

Live on: www.akj.org

**M: 98886-00418, 95655-09584, 94171-76032, 98556-34815**

**ਸਹਿਯੋਗੀ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ, ਦੱਤ ਰੋਡ, ਮੋਗਾ**

# ਅਖੰਡ ਕੀਰਤਨ ਸਮਾਗਮ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ:), ਚੰਡੀਗੜ੍ਹ ਦੀ ਸਾਲਾਨਾ ਮਿੱਠੀ ਤੇ ਨਿੱਘੀ ਯਾਦ ਵਿੱਚ ਅਤੇ ਗੁਰਪੁਰਵਾਸੀ ਮਾਤਾ ਕੁਲਵੰਤ ਕੌਰ ਜੀ (ਸਿੰਘਣੀ ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ) ਦੀ ਪਹਿਲੀ ਬਰਸੀ ਪਰਿਵਾਰ ਵਲੋਂ ਮਿਤੀ 07 ਜਨਵਰੀ 2024 ਦਿਨ ਐਤਵਾਰ ਨੂੰ ਉਨ੍ਹਾਂ ਦੇ ਗ੍ਰਹਿ ਮਕਾਨ ਨੰ: 245, ਸੈਕਟਰ 35-ਏ, ਚੰਡੀਗੜ੍ਹ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ ਸਵੇਰੇ 8 ਵਜੇ ਤੋਂ ਦੁਪਿ: 2-30 ਵਜੇ ਤੱਕ ਹੋਣਗੇ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

### ਬੇਨਤੀ ਕਰਤਾ :

ਮਨਪ੍ਰੀਤ ਸਿੰਘ (ਸਪੁੱਤਰ) ਮੁੱਖ ਸੰਪਾਦਕ ਆਤਮ ਰੰਗ
ਅਤੇ ਸਮੂਹ ਪਰਿਵਾਰ

ਅਖੰਡ ਕੀਰਤਨੀ ਜੱਥਾ (ਰਜਿ:) ਚੰਡੀਗੜ੍ਹ | ਆਤਮ ਰੰਗ ਮੈਗਜ਼ੀਨ
ਐਮ ਪੀ ਇਮਪੈਕਸ ਪ੍ਰ: ਲਿ: ਚੰਡੀਗੜ੍ਹ
ਵਧੇਰੇ ਜਾਣਕਾਰੀ ਲਈ : 9814300245, 7528900045

# ਆਗਮਨ ਪੁਰਬ

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

## ਮਿਤੀ 25 ਨਵੰਬਰ ਤੋਂ 28 ਨਵੰਬਰ 2023

### ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ

**ਅਕਾਲ ਪੁਰਖ ਵਾਹਿਗੁਰੂ ਜੀ ਦੀ ਵਰੋਸਾਈ ਪ੍ਰਤੱਖ ਨਿਰੰਕਾਰੀ ਜੋਤ, ਸ਼ਬਦ ਸਵਰੂਪ**

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਸਬੰਧੀ ਆਦਿ ਜੁਗਾਦੀ ਨਾਮ ਬਾਣੀ ਦੀਆਂ ਅਸੀਸਾਂ ਪ੍ਰਾਪਤ ਕਰਨ ਲਈ ਆਇ ਦੀਦਾਰ ਬਖਸ਼ੋ ਜੀ।

**ਸਵੇਰ**

**ਮਿਤੀ 25 ਨਵੰਬਰ 2023 ਦਿਨ ਸ਼ਨੀਵਾਰ**

ਅੰਮ੍ਰਿਤ ਵੇਲਾ ਸਮਾਗਮ 12.00 ਤੋਂ 2.30 ਵਜੇ ਤੱਕ
ਕੀਰਤਨ ਆਸਾ ਦੀ ਵਾਰ 2.30 ਤੋਂ 5.00 ਉਪਰੰਤ ਅਰੰਭ
ਸ੍ਰੀ ਅਖੰਡ ਪਾਠ ਸਾਹਿਬ, ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 25 ਨਵੰਬਰ 2023 ਦਿਨ ਸ਼ਨੀਵਾਰ**

ਕੀਰਤਨ 6.30 ਤੋਂ 9.30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰ**

**ਮਿਤੀ 26 ਨਵੰਬਰ 2023 ਦਿਨ ਐਤਵਾਰ**

ਕੀਰਤਨ ਆਸਾ ਦੀ ਵਾਰ 7.00 ਤੋਂ 12.00 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 26 ਨਵੰਬਰ 2023 ਦਿਨ ਐਤਵਾਰ**

ਕੀਰਤਨ 6.30 ਤੋਂ 9.30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰ**

**ਮਿਤੀ 27 ਨਵੰਬਰ 2023 ਦਿਨ ਸੋਮਵਾਰ**

ਅੰਮ੍ਰਿਤ ਵੇਲਾ ਸਮਾਗਮ 12.00 ਤੋਂ 4.00 ਵਜੇ ਤੱਕ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਸਵੇਰੇ 5 ਵਜੇ
ਉਪਰੰਤ ਕੀਰਤਨ ਆਸਾ ਦੀ ਵਾਰ ਦੁਪਹਿਰ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 27 ਨਵੰਬਰ 2023 ਦਿਨ ਸੋਮਵਾਰ**

ਸੋ ਦਰੁ ਦੀ ਚੌਂਕੀ ਉਪਰੰਤ ਕੀਰਤਨ ਰੈਣਿ ਸਬਾਈ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ
ਸਮਾਪਤੀ 28 ਨਵੰਬਰ 2023 ਸਵੇਰੇ 5 ਵਜੇ

**ਅੰਮ੍ਰਿਤ ਸੰਚਾਰ** ਮਿਤੀ 27 ਨਵੰਬਰ ਦਿਨ ਸੋਮਵਾਰ ਸ਼ਾਮ ਨੂੰ 7.00 ਵਜੇ ਹੋਵੇਗਾ

ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣਾ ਜੀਵਨ ਸਫ਼ਲ ਕਰੀਏ ਜੀ।

ਮਿਤੀ 27 ਨਵੰਬਰ ਨੂੰ ਦਿਵਸ ਸੁਹੇਲਾ ਅਤੇ ਰੈਣਿ ਸਬਾਈ ਦਾ ਸਿੱਧਾ ਪ੍ਰਸਾਰਣ www.akj.org ਤੇ ਕੀਤਾ ਜਾਵੇਗਾ।

**ਨੋਟ** ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਲਾਇਲਪੁਰ ਖ਼ਾਲਸਾ ਸੀ. ਸੈ. ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਹੀ ਹੋਵੇਗਾ

**ਨੋਟ** ਸੰਗਤਾਂ ਦੀ ਸੁਵਿਧਾ ਲਈ ਟਰਾਂਸਪੋਰਟ ਸੇਵਾ ਲਈ ਇਨ੍ਹਾਂ ਨੰਬਰਾਂ ਤੇ ਸੰਪਰਕ ਕਰੋ ਜੀ:- 98159-64001, 93162-76101, 98140-70584

**ਪ੍ਰਬੰਧਕੀ ਦਾਸਰੇ** ਅਖੰਡ ਕੀਰਤਨੀ ਜੱਥਾ, ਜਲੰਧਰ (ਰਜਿ.)

**ਸੰਪਰਕ ਲਈ ਫੋਨ ਨੰਬਰ**

| ਭਾਈ ਕੁਲਵੰਤ ਸਿੰਘ | ਭਾਈ ਸੁਖਦੇਵ ਸਿੰਘ | ਭਾਈ ਬਲਜੀਤ ਸਿੰਘ | ਭਾਈ ਜਸਬੀਰ ਸਿੰਘ | ਭਾਈ ਮਨਪ੍ਰੀਤ ਸਿੰਘ | ਭਾਈ ਤਰਲੋਚਨ ਸਿੰਘ |
|---|---|---|---|---|---|
| 99150-00453 | 98140-54130 | 98159-64001 | 98722-11737 | 98140-70854 | 98554-99511 |

## ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥











ਰੈਣ ਸਬਾਈ ਅਖੰਡ ਕੀਰਤਨ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਿਤੀ 18.11.2023 ਨੂੰ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਅਤੇ ਭਾਈ ਸਾਹਿਬ ਭਾਈ ਭੂਪਿੰਦਰ ਸਿੰਘ ਜੀ ਖਰੜ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਗੁਰਦੁਆਰਾ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ, ਗ੍ਰੀਨ ਇਨਕਲੇਵ, ਸੈਕਟਰ 118, ਮੋਹਾਲੀ ਵਿਖੇ ਮਨਾਈ ਗਈ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

# ATAM RANG
## *December* 2023

Postal Regd. No.
CHDG/0025/2021-23

### ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥












ਰੈਣ ਸਬਾਈ ਅਖੰਡ ਕੀਰਤਨ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਿਤੀ 18.11.2023 ਨੂੰ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਅਤੇ ਭਾਈ ਸਾਹਿਬ ਭਾਈ ਭੂਪਿੰਦਰ ਸਿੰਘ ਜੀ ਖਰੜ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਗੁਰਦੁਆਰਾ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ, ਗ੍ਰੀਨ ਇਨਕਲੇਵ, ਸੈਕਟਰ 118, ਮੋਹਾਲੀ ਵਿਖੇ ਮਨਾਈ ਗਈ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੁ ਘਰ ਦੀਆਂ ਖੁਸ਼ੀਆਂ ਲਈਆਂ।

Design & Print: Jai Offset Printers 0172-4616905